# ਆਤਮ ਰੰਗ

ਜਿਲਦ ੨੫ ਅਪ੍ਰੈਲ 2024 ਚੇਤਰ-ਵੈਸਾਖ 556 ਨਾਨਕਸ਼ਾਹੀ April 2024 ਅੰਕ 4

## ਠਾਕੁਰ ਗਾਈਐ ਆਤਮ ਰੰਗਿ




ਖਾਲਸਾ ਪੰਥ ਦੇ 300 ਸਾਲਾ ਸਿਰਜਨਾ ਦਿਵਸ ਦੇ ਮੌਕੇ ਤੇ 14 ਅਪ੍ਰੈਲ 1999 ਨੂੰ ਖਾਲਸੇ ਦੀ ਧਰਤੀ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਖੰਡ ਕੀਰਤਨੀ ਜੱਥਾ (ਰਜਿ.) ਵੱਲੋਂ 'ਆਤਮ ਰੰਗ' ਰਸਾਲਾ ਜਾਰੀ ਕੀਤਾ ਗਿਆ। ਇਹ ਰਸਾਲਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਘੀ ਸਾਥੀਆਂ ਨੇ ਜਾਰੀ ਕੀਤਾ। ਅੱਜ ਇਸ ਰਸਾਲੇ ਨੂੰ ਚਲਦੀਆਂ ਪੱਚੀ ਸਾਲ ਪੂਰੇ ਹੋ ਗਏ ਹਨ। ਇਹ ਰਸਾਲਾ ਪਿਛਲੇ 25 ਸਾਲਾਂ ਤੋਂ ਨਿਰੰਤਰ ਅਖੰਡ ਕੀਰਤਨੀ ਜੱਥਾ ਤੇ ਪੰਥ ਦੀ ਸੇਵਾ ਕਰ ਰਿਹਾ ਹੈ ਅਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸਾਏ ਮਾਰਗ ਤੇ ਚਲਦਾ ਹੋਇਆ, ਅਖੰਡ ਕੀਰਤਨੀ ਜੱਥੇ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਕਾਰਜਸ਼ੀਲ ਹੈ ਤੇ ਸੰਗਤਾਂ ਵੱਲੋਂ ਇਸ ਰਸਾਲੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ।

# ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

## (07.07.1878 - 16.04.1961)



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵੀਹਵੀਂ ਸਦੀ ਦੀ ਇਕ ਅਨੂਪਮ ਸ਼ਖਸੀਅਤ ਸਨ। ਜਿਨ੍ਹਾਂ ਨੂੰ ਪੰਥ ਵੱਲੋਂ 'ਸੋਨੇ ਦੀ ਚਿੜੀ' ਕਹਿ ਕੇ ਸਨਮਾਨਿਆ ਗਿਆ। ਆਪ ਜੀ ਅਤੁੱਟ ਨਾਮ ਅਭਿਆਸੀ, ਗੁਰਬਾਣੀ ਕੀਰਤਨ ਦੇ ਧਨੀ, ਕਥਨੀ ਦੇ ਸੂਰੇ, ਰਹਿਤ ਰਹਿਣੀ ਦੇ ਪੂਰੇ ਅਤੇ ਗੁਰਮਤਿ ਗੂਹਜ ਰਮਜ਼ਾਂ ਦੇ ਅਦੁੱਤੀ ਵਿਆਖਿਆਕਾਰ ਸਨ। ਆਪ ਜੀ ਆਪਣੇ ਪਿੱਛੇ ਅਗੰਮੀ ਗੁਰਬਾਣੀ ਦੀ ਲਹਿਰ 'ਅਖੰਡ ਕੀਰਤਨੀ ਜੱਥੇ' ਦੇ ਰੂਪ ਵਿੱਚ ਛੱਡ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਨੂੰ ਸਮਰਪਿਤ ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ ਲੁਧਿਆਣਾ ਵਲੋਂ 16 ਅਪ੍ਰੈਲ ਦਿਨ ਮੰਗਲਵਾਰ ਸ਼ਾਮ 7 ਵਜੇ ਤੋਂ ਲੈ ਕੇ ਰਾਤ 9 ਵਜੇ ਤਕ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਹਵੇਲੀ, ਪਿੰਡ ਨਾਰੰਗਵਾਲ ਵਿਖੇ ਹੋ ਰਹੇ ਹਨ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹਾਜਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ ਅਪ੍ਰੈਲ 2024 ਚੇਤਰ-ਵੈਸਾਖ 556 ਨਾਨਕਸ਼ਾਹੀ April 2024 ਅੰਕ 4

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
*ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ*
*ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ*
ਭਾਈ ਗੁਰਬੱਚਨ ਸਿੰਘ, ਦਿਆਲਪੁਰ
*ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ*
*ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ*

**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*
*ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ*



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।



"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*


ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

# ਤਤਕਰਾ


◆ ਸੰਪਾਦਕੀ 5

◆ ਬਾਰਹ ਮਾਹ ਕਥਾ 6
*– ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*

◆ ਅਣਡਿੱਠੀ ਦੁਨੀਆ 7
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਖਾਲਸੇ ਪੰਥ ਦਾ ਖਾਲਸਈ ਸਿਧਾਂਤ 9
*– ਭਾਈ ਕਰਮ ਸਿੰਘ ਜੀ*

◆ ਧ੍ਰਿਗੁ ਇਵੇਹਾ ਜੀਵਣਾ 12

◆ ਗੁਰੂ ਕਾ ਸਿੱਖ ਕੌਣ ਹੈ ? 15
*– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*

◆ ਅਨੋਖੀ ਵਿਸਾਖੀ 20
*– ਭਾਈ ਨਰੈਣ ਸਿੰਘ ਜੀ*

◆ ਅੰਮ੍ਰਿਤ ਦੀ ਵਿਲੱਖਣਤਾ 23
*– ਪ੍ਰਿੰਸੀਪਲ ਸੱਜਣ ਸਿੰਘ ਜੀ*

◆ ਪੂਰਨ ਮਨੁਖ ਖਾਲਸਾ 26
*– ਬੀਬੀ ਭੁਪਿੰਦਰ ਕੌਰ ਜੀ*

◆ ਖਾਲਸੇ ਦਾ ਸਿਰਜਨਾਤਮਿਕ ਮੰਡਲ 29
*– ਪ੍ਰੋਫੈਸਰ ਜੋਗਿੰਦਰ ਸਿੰਘ ਜੀ*

◆ 'ਆਤਮ ਰੰਗ' ਮਾਸਿਕ ਪੱਤਰ ਦਾ 25ਵੇਂ ਸਾਲ ਚ ਪ੍ਰਵੇਸ਼ - ਇਤਿਹਾਸਕ ਕੀਰਤੀਮਾਨ 34
*– ਭਾਈ ਰਵਿੰਦਰ ਸਿੰਘ ਸੈਂਪਲਾਂ*

*ਸੰਪਾਦਕੀ...*

## ਵੈਸਾਖੀ - ਸਤਿਗੁਰੂ ਪ੍ਰਤਿ ਪੂਰਨ-ਸਮਰਪਣ ਦੀ ਭਾਵਨਾ ਦਾ ਪ੍ਰਤੀਕ

ਖ਼ਾਲਸੇ ਦੀ ਸਿਰਜਨਾ ਸੰਨ 1699 ਦੀ ਵੈਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਜੀ ਨੇ ਸੀਸ ਭੇਟ ਦਾ ਕੌਤਕ ਰਚ ਕੇ ਕੀਤੀ ਸੀ। ਸਿਖ-ਜਗਿਆਸੂਆਂ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ ॥' ਦੀ ਸੇਧ ਵਿਚ ਮਾਨੋ ਸਮੁੱਚੀ ਖ਼ਾਲਸਾ ਕੌਮ ਨੇ ਦਸਮੇਸ਼ ਸਤਿਗੁਰੂ ਅੱਗੇ ਸੀਸ ਭੇਟ ਕਰਕੇ ਖੰਡੇ ਕੀ ਪਾਹੁਲ ਪ੍ਰਾਪਤ ਕੀਤੀ ਤੇ ਗੁਰੂ ਕੀਆਂ ਖੁਸ਼ੀਆਂ ਲਈਆਂ। ਸ਼ੀਸ-ਭੇਟ ਦੀ ਗੱਲ ਪ੍ਰੇਮ ਖੇਡ ਖੇਲਣ ਦੇ ਚਾਉ ਵਾਲੇ ਜਗਿਆਸੂਆਂ ਲਈ ਗੁਰੂ ਨਾਨਕ ਪਾਤਸ਼ਾਹ ਨੇ ਸ਼ੁਰੂ ਕੀਤੀ ਸੀ -

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥*** ***ਅੰਗ - 1412***

ਕਈ ਵਿਆਖਿਆਕਾਰ ਸੀਸ-ਭੇਟ ਨੂੰ ਕੇਵਲ ਆਪਾ ਸਮਰਪਣ ਦੇ ਸੰਕਲਪ ਤਕ ਹੀ ਸੀਮਿਤ ਸਮਝਦੇ ਹਨ ਪਰ 1699 ਦੀ ਵੈਸਾਖੀ ਨੇ ਸੀਸ-ਭੇਟ ਦਾ ਇਕ ਅਲੌਕਿਕ ਦ੍ਰਿਸ਼ ਅਮਲੀ ਤੌਰ ਤੇ ਕੀਤਾ। ਕਿਵੇਂ ਦਸਵੇਂ ਪਾਤਸ਼ਾਹ ਜੀ ਨੇ ਬੜੇ ਜਲਾਲ ਵਿਚ ਆ ਕੇ ਸ੍ਰੀ ਸਾਹਿਬ ਮਿਆਨ ਵਿਚੋਂ ਧੂਅ ਕੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਜੁੜੀ ਸੰਗਤ ਤੋਂ ਸੱਚ-ਮੁੱਚ ਸੀਸ ਭੇਟ ਦੀ ਮੰਗ ਕੀਤੀ। ਧੰਨ ਹਨ ਉਹ ਪੰਜ ਗੁਰੂ ਕੇ ਲਾਲ ਜਿਨ੍ਹਾਂ ਨੇ ਵਾਰੀ ਵਾਰੀ ਅੱਗੇ ਵਧ ਕੇ ਸੀਸ ਭੇਟ ਕੀਤੇ। ਉੱਥੇ ਭਾਵੇਂ ਹੋਰ ਅਨੇਕਾਂ ਗੁਰੂ ਕੇ ਪਿਆਰੇ ਸੀਸ ਭੇਟ ਕਰਨ ਲਈ ਤਿਆਰ ਸਨ, ਪਰ ਮਹਾਰਾਜ ਨੇ ਪੰਜਾਂ ਤੋਂ ਮਗਰੋਂ ਸੀਸ ਭੇਟ ਦੀ ਮੰਗ ਹੀ ਨਹੀਂ ਸੀ ਕੀਤੀ। ਅਨੇਕਾਂ ਦੇ ਸੀਸ ਭੇਟ ਦੇ ਅਰਮਾਨ, ਅੰਦਰ ਦੇ ਅੰਦਰ ਹੀ ਰਹਿ ਗਏ। ਬਾਕੀ ਜਿਹੜੇ ਸਿੱਖ ਆਪਣੇ ਸੀਸ ਗੁਰੂ ਤੋਂ ਵਾਰਨ ਦੇ ਚਾਹਵਾਨ ਸਨ, ਉਹਨਾਂ ਨੂੰ ਭੀ ਸਤਿਗੁਰਾਂ ਨੇ ਨਿਰਾਸ਼ ਨਹੀਂ ਸੀ ਕੀਤਾ, ਸਗੋਂ ਉਹਨਾਂ ਲਈ ਇਹ ਹੁਕਮ ਕੀਤਾ, 'ਤਿਆਰ ਰਹਿਣਾ, ਤੁਹਾਨੂੰ ਵੀ ਸੀਸ ਭੇਟ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਏਗਾ' ਅਤੇ ਇਹ ਪੇਸ਼ੀਨਗੋਈ ਅਗਲੇਰੀਆਂ ਸਦੀਆਂ ਵਿਚ ਸਾਮਰਤਖ ਹੋਈ।

ਸੰਨ 1699 ਤੋਂ ਮਗਰੋਂ ਖ਼ਾਲਸਾ ਪੰਥ ਵੱਲੋਂ ਜਿੰਨੀਆਂ ਸ਼ਹੀਦੀਆਂ ਹੋਈਆਂ ਹਨ ਓਨੀਆਂ ਇਸ ਘਟਨਾਂ ਤੋਂ ਪਹਿਲਾਂ ਨਹੀਂ ਸੀ ਹੋਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਸ਼ਹੀਦੀਆਂ ਨੇ 'ਨਾਨਕ-ਪੰਥ' ਦੀ ਸਮੂਹ ਜਥੇਬੰਦੀ ਅੰਦਰ ਧਰਮ ਲਈ ਕੁਰਬਾਨ ਹੋ ਜਾਣ ਦਾ ਲਾਸਾਨੀ ਜਜ਼ਬਾ ਭਰਿਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਯਾਲਾ ਜੀ ਪਹਿਲੇ ਸਿਖ ਸ਼ਹੀਦ ਸਨ। 1699 ਤੋਂ ਮਗਰੋਂ 1799 ਤਕ ਸਮੁੱਚੀ 18ਵੀਂ ਸਦੀ 'ਸ਼ਹੀਦੀ ਸਦੀ' ਆਖੀ ਜਾ ਸਕਦੀ ਹੈ। ਸੰਨ 1734 ਵਿਚ ਭਾਈ ਮਨੀ ਸਿੰਘ ਜੀ ਦੀ ਵੱਡੀ ਸ਼ਹੀਦੀ ਹੋਈ, ਜੋ ਦਸਵੇਂ ਪਾਤਸ਼ਾਹ ਦੇ ਸਮਕਾਲੀ, ਗੁਰਬਾਣੀ ਦੇ ਪਹਿਲੇ ਟਕਸਾਲੀ ਵਿਆਖਿਆਕਾਰ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਂਝੇ ਮੁਖ ਸੇਵਾਦਾਰ ਭੀ ਸਨ। ਸੰਨ 1757 ਵਿਚ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਦੇ ਅਨੇਕਾਂ ਸਿੰਘਾਂ ਸਮੇਤ ਅਹਿਮਦਸ਼ਾਹ ਅਬਦਾਲੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਬੇਅਦਬੀ ਤੋਂ ਬਚਾਉਣ ਲਈ ਸ਼ਹੀਦ ਹੋਏ ਸਨ। 1748 ਦਾ ਛੋਟਾ ਘੱਲੂਘਾਰਾ ਅਤੇ 1762 ਦੇ ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। 1799 ਵਿਚ ਖ਼ਾਲਸਾ ਰਾਜ ਦੀ ਸਥਾਪਨਾ ਤਕ ਅਤੇ ਉਸ ਤੋਂ ਮਗਰੋਂ ਭੀ ਸੰਨ 1840 ਤਕ ਖ਼ਾਲਸਾ, ਧਰਮ ਦੀ ਖ਼ਾਤਰ ਜੂਝਦਾ ਹੀ ਰਿਹਾ ਅਤੇ ਆਪਣੇ ਸੀਸ ਨੂੰ ਨਿਰੰਤਰ ਭੇਟ ਕਰਦਾ ਰਿਹਾ। 1846 ਤੋਂ 1849 ਤਕ ਅੰਗਰੇਜ਼ਾਂ ਨਾਲ ਹੋਈਆਂ ਚਾਰ ਲੜਾਈਆਂ ਵਿਚ ਸਿੰਘਾਂ ਸੂਰਮਿਆਂ ਨੇ ਬੜੇ ਚਾਉ ਨਾਲ ਸ਼ਹੀਦੀ ਦੇ ਜਾਮ ਪੀਤੇ। ਇਸ ਦੀ ਜੋ ਵੀਰ-ਗਾਥਾ ਅੰਗਰੇਜ਼ ਜਰਨੈਲਾਂ ਨੇ ਲਿਖੀ, ਉਹ ਖ਼ਾਲਸੇ ਲਈ ਫ਼ਖ਼ਰ ਦੀ ਗੱਲ ਹੈ।

ਸ਼ਹੀਦੀ ਦੀਆਂ ਦਾਸਤਾਨਾਂ ਨੂੰ ਸੁਣ/ਪੜ੍ਹ ਕੇ ਇਉਂ ਲਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ ਨੇ ਐਸੀ ਕੌਮ ਤਿਆਰ ਕੀਤੀ ਜੋ ਗੁਰੂ ਨੂੰ ਪੂਰਨ ਤੌਰ ਤੇ ਸਮਰਪਿਤ ਸੀ, ਅਤੇ ਹੁਣ ਭੀ ਹੈ। ਉਹਨਾਂ, ਧਰਮ ਦੀ ਆਨ-ਸ਼ਾਨ ਖ਼ਾਤਰ ਆਪਣਾ ਸੀਸ ਵਾਰਨ ਤੋਂ ਸੰਕੋਚ ਨਹੀਂ ਕੀਤਾ। 19ਵੀਂ ਇਤਿਹਾਸਕ ਸ਼ਤਾਬਦੀ ਵਿਚ ਗੁਰੂ ਸਾਹਿਬਾਨ ਦੇ ਨਾਮ ਨਾਲ ਜੁੜੇ ਅਨੇਕਾਂ ਇਤਿਹਾਸਕ ਗੁਰ-ਧਾਮਾਂ ਉੱਤੇ ਪੁਜਾਰੀਆਂ ਅਤੇ ਮਹੰਤਾਂ ਦਾ ਕਬਜ਼ਾ ਹੁੰਦਾ ਗਿਆ। ਸਮੇਂ ਦੇ ਬੀਤਣ ਨਾਲ

ਅਤੇ ਪੂਜਾ ਦੇ ਧਾਨ ਦੀ ਦੁਰਵਰਤੋਂ ਕਾਰਨ ਗੁਰਦੁਆਰਾ-ਪ੍ਰਬੰਧ ਵਿਚ ਭ੍ਰਿਸ਼ਟਾਚਾਰ ਵਧਦਾ ਗਿਆ। ਸੰਨ 1920 ਅਤੇ 1925 ਦੀ ਗੁਰਦੁਆਰਾ-ਸੁਧਾਰ ਲਹਿਰ ਨੇ ਭ੍ਰਿਸ਼ਟ ਮਹੰਤਾਂ ਅਤੇ ਪੁਜਾਰੀਆਂ ਦੀ ਅਜਾਰੇਦਾਰੀ ਨੂੰ ਖ਼ਤਮ ਕੀਤਾ ਪਰ ਇਸ ਲਹਿਰ ਦੌਰਾਨ ਅਨੇਕਾਂ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ। 1921 ਵਿਚ ਭਾਈ ਲਛਮਣ ਸਿੰਘ ਜੀ ਦੀ ਅਗਵਾਈ ਵਿਚ 156 ਸਿੰਘਾਂ ਦੇ ਜਥੇ ਨੂੰ ਨਰੈਣੂ ਮਹੰਤ ਨੇ ਭਾੜੇ ਦੇ ਗੁੰਡਿਆਂ ਤੋਂ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਹੀਦ ਕਰਵਾਇਆ। ਫਿਰ 1978 ਦੀ ਵੈਸਾਖੀ ਨੂੰ ਨਿਰੰਕਾਰੀਆਂ ਵੱਲੋਂ ਗੁਰੂ-ਨਿੰਦਾ ਵਿਰੁੱਧ ਰੋਸ ਪ੍ਰਗਟ ਕਰਨ ਲਈ 200 ਸਿੰਘ ਨੰਗੇ ਪੈਰੀਂ ਸ੍ਰੀ ਦਰਬਾਰ ਸਾਹਿਬ (ਅਮ੍ਰਿਤਸਰ) ਤੋਂ ਰੀਕੋ ਬਰਿਜ ਤਕ (ਜਿਥੇ ਗੁਰਬਚਨ ਸਿਹੁੰ ਆਪਣਾ ਦਰਬਾਰ ਲਗਾਈ ਬੈਠਾ ਸੀ), ਜਲੂਸ ਦੀ ਸ਼ਕਲ ਵਿਚ ਗਏ। ਉੱਥੇ 200 ਸਿੰਘਾਂ ਦੇ ਇਸ ਨਿਹੱਥੇ ਜਥੇ ਉੱਤੇ ਨਿਰੰਕਾਰੀਆਂ ਦੇ ਭਾੜੇ ਦੇ ਬੰਦਿਆਂ ਨੇ ਵਾਹੋ-ਦਾਹੀ ਗੋਲੀਆਂ ਚਲਾ ਦਿੱਤੀਆਂ, ਜਿਸਦੇ ਫਲਸਰੂਪ 13 ਸਿੰਘ ਸ਼ਹੀਦ ਹੋ ਗਏ ਅਤੇ 150 ਦੇ ਕਰੀਬ ਜ਼ਖ਼ਮੀ ਹੋਏ।

ਅੱਜ ਭੀ ਕੌਮ ਵਿਚ ਸੀਸ ਭੇਟ ਦਾ ਜਜ਼ਬਾ ਘਟਿਆ ਨਹੀਂ, ਭਾਵੇਂ ਅਜੋਕੇ ਕੌਮੀ/ਸਿਆਸੀ ਆਗੂਆਂ ਦੀਆਂ ਸਿਆਸੀ ਗਤੀ-ਵਿਧੀਆਂ ਕਾਰਨ ਇਹ ਜਜ਼ਬਾ ਹੌਲੀ ਹੌਲੀ ਮੱਠਾ ਪੈਂਦਾ ਜਾਂਦਾ ਹੈ। ਸਤਿਗੁਰੂ ਮਿਹਰ ਕਰਨ, ਕੌਮ ਦੀ ਵਾਗਡੋਰ ਸੱਚੇ-ਸੁੱਚੇ ਧਰਮੀ ਆਗੂਆਂ ਦੇ ਹੱਥਾਂ ਵਿਚ ਆਵੇ!! ਸ਼ਹੀਦੀਆਂ ਕਦੀ ਵਿਅਰਥ ਨਹੀਂ ਜਾਂਦੀਆਂ। ਸਤਿਗੁਰੂ ਸਦਾ ਖ਼ਾਲਸੇ ਦੇ ਅੰਗ ਸੰਗ ਹਨ। ਨਿਰਾਸ਼ ਹੋਣ ਦੀ ਲੋੜ ਨਹੀਂ। ਸਤਿਗੁਰੂ ਜੀ ਅੱਗੇ ਅਸੀਂ ਸਾਰੇ ਅਰਦਾਸ ਕਰੀਏ, ਗੁਰਦੇਵ! ਕੌਮ ਨੂੰ ਸੁਘੜ, ਸਿਆਣੇ, ਧਰਮੀ ਆਗੂ ਪ੍ਰਦਾਨ ਕਰੋ ਜੀ, ਜੋ ਆਪ ਪੂਰਨ ਤੌਰ ਤੇ ਗੁਰੂ ਪ੍ਰਤਿ ਸਮਰਪਿਤ ਹੋਣ ਅਤੇ ਕੌਮ ਵਿਚ ਪੂਰਨ ਸਮਰਪਣ ਦੀ ਭਾਵਨਾ ਉਜਾਗਰ ਕਰ ਸਕਣ। ਕੌਮ ਦੀ ਇਹ ਅਰਦਾਸ ਅਵੱਸ਼ ਸੁਣੀ ਜਾਏਗੀ।

---

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ ਅੰਗ - 135***

**ਅਰਥ**

ਵਿਸਾਖ ਮਹੀਨੇ ਦੁਆਰਾ ਉਪਦੇਸ਼ ਹੈ ਕਿ ਜੋ ਵਿਛੜੀਆਂ ਹੋਈਆਂ ਰੂਹਾਂ ਹਨ ਅਤੇ ਪ੍ਰੇਮ ਤੋਂ ਖ਼ਾਲੀ ਹਨ, ਉਨ੍ਹਾਂ ਨੂੰ ਧੀਰਜ ਕਿਸ ਤਰ੍ਹਾਂ ਆ ਸਕਦੀ ਹੈ? ਹਰਿ ਸੱਜਣ ਪੁਰਖ ਨੂੰ ਛੱਡ ਕੇ (ਉਹਨਾਂ ਨੂੰ) ਛਲ ਰੂਪੀ ਮਾਇਆ ਦੀ ਖਿਚ ਲੱਗੀ ਹੋਈ ਹੈ। ਉਸ ਅਬਿਨਾਸੀ ਹਰੀ ਤੋਂ ਬਿਨਾਂ ਪੁੱਤਰ ਇਸਤਰੀ ਤੇ ਧਨ ਕੋਈ ਵੀ ਸਾਥ ਨਹੀਂ ਦਿੰਦਾ। ਝੂਠੈ ਧੰਧੇ ਤੇ ਮੋਹ ਵਿਚ ਪਲਚ ਪਲਚ ਕੇ ਸਾਰੇ ਮਰ ਰਹੇ ਹਨ। ਇਕ ਹਰੀ ਦੇ ਨਾਮ ਬਾਝੋਂ ਅੱਗੇ ਸਭ ਕੁਝ ਖੋਹਿਆ ਜਾਂਦਾ ਹੈ। ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ (ਤੇ) ਉਸ ਨੂੰ ਵਿਸਾਰ ਕੇ ਪਛਤਾਵਾ ਹੀ ਪਛਤਾਵਾ ਹੈ। (ਪਰ) ਜੋ ਉਸ ਪ੍ਰੀਤਮ ਦੇ ਚਰਨੀਂ ਲੱਗ ਗਏ ਹਨ, ਉਨ੍ਹਾਂ ਦੀ ਸੋਭਾ ਬੜੀ ਨਿਰਮਲ ਹੋ ਗਈ ਹੈ। (ਗੁਰੂ) ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ ਜੀ! ਮਿਲੋ ਤਾਂ ਜੁ ਮੇਰੇ ਕੁਝ ਪੱਲੇ ਪਵੇ। ਵਿਸਾਖ ਤਦ ਸੁਹਾਉਣਾ ਹੈ ਜੇ ਵਾਹਿਗੁਰੂ ਜੀ (ਪੂਰਣ) ਸੰਤ ਦੇ ਦਰਸ਼ਨ ਕਰਾ ਦੇਣ।



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਓਇ ਥਾਉ ਕੁਥਾਉ ਨ ਜਾਣਨੀ*
*ਉਨ ਅੰਤਰਿ ਲੋਭੁ ਵਿਕਾਰੁ॥*
*ਓਇ ਆਪਣੈ ਸੁਆਇ ਆਇ*
*ਬਹਿ ਗਲਾ ਕਰਹਿ*
*ਓਨਾ ਮਾਰੇ ਜਮੁ ਜੰਦਾਰੁ॥*
*ਅਗੈ ਦਰਗਹ ਲੇਖੈ ਮੰਗਿਐ*
*ਮਾਰਿ ਖੁਆਰੁ ਕੀਚਹਿ ਕੂੜਿਆਰ॥੨॥ ਅੰਗ - ੯੫੦*

ਨਾਮੋਂ ਸਖਣੇ, ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ, ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨਾਂ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ, ਨਾ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ। ਉਹ ਕੁਬੋਲ ਕੁਬਚਨ ਬੋਲਣ ਲਗੇ ਥਾਉਂ ਕੁਥਾਉਂ ਵੀ ਨਹੀਂ ਦੇਖਦੇ ਅਤੇ ਕੁ-ਵਿਚਾਰ ਹੀ ਮੂੰਹੋਂ ਬੋਲਦੇ ਰਹਿੰਦੇ ਹਨ। ਉਹ ਲੋਭ ਵਿਕਾਰ ਦੇ ਗ੍ਰਸੇ ਹੋਏ, ਨਿਜ-ਲੋਭ ਕਢਦੇ ਹਨ। ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕਢਦੇ ਹਨ। ਸਾਰੀ ਆਯੂ ਹੀ ਉਨ੍ਹਾਂ ਦੀ ਏਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ। ਅੰਤ ਵੇਲੇ ਉਹ ਜਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ ਤੇ ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਮਾਰ ਕੇ ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਜਾਵੇਗਾ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥(੧੩)*
*ਅੰਗ - ੯੫੩*

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿੱਖਿਆ ਦਿੰਦੇ ਹਨ। ਇਸ ਵਿਚ ਗੁਰੂ ਸਾਹਿਬ ਨੇ ਜੋ ਕੁਝ ਉਚਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ-ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ, ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮਰਾਇ ਦਾ ਰੂਪ ਧਾਰ ਕੇ ਪਰਮੇਸ਼ਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ ਨੇ ਰੱਬ ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ, ਜ਼ਰੂਰ ਪੈਣਗੀਆਂ। ਜਿਨ੍ਹਾਂ ਦੀ ਰਿਣ ਕਰੰਮੀ ਬਾਕੀ ਰਹੀ, ਧਰਮਰਾਇ ਦੀ ਵਹੀ ਵਿਚ ਦਰਜ ਹੈ, ਅਰਥਾਤ ਉਸ ਦੇ ਦਫ਼ਤਰ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ। ਅਜ਼ਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ। ਉਨ੍ਹਾਂ ਨੂੰ ਉਸ ਭੀੜੀ ਗਲੀ ਵਿਚੋਂ ਨਸ਼ਣ ਭਜਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ। ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤੁਰਾਈਆਂ ਨਿਖੁਟ ਜਾਣਗੀਆਂ। ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ, ਓੜਕ

ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾ ਹੈ। ਇਹ ਸਚ ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ, ਕਦੇ ਆਹਲੇ ਨਹੀਂ ਜਾਣਾ। ਏਸ ਉਪ੍ਰੋਕਤ ਵਾਕ ਵਿਚ ਜੋ ਜੋ ਕੁਝ ਭੀ ਉਚਾਰਣ ਹੋਇਆ ਹੈ, ਉਹ ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪੱਕੀ ਤਸਦੀਕ ਹੈ। ਬਸ!

*ਨਾਨਕ ਨਾਮੁ ਜਪਤ ਸੁਖੁ ਉਪਜੈ*
*ਦਰਗਹ ਪਾਈਐ ਥਾਉ॥੧॥(੧੨) ਅੰਗ -੯੬੩*

ਦੇ ਗੁਰਵਾਕ ਅਨੁਸਾਰ ਗੁਰੂ ਨਾਨਕ ਦੇ ਘਰਿ ਦਰਿ ਦਰਸਾਇਆ ਗੁਰਮਤਿ ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਵਿਛੜਿਆਂ ਨੂੰ ਪ੍ਰਭੂ ਨਾਲ ਮੇਲਣਹਾਰ ਹਰਿ ਦਰਗਾਹ ਦਾ ਸਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ।

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥੧॥(੧)*
*ਅੰਗ - ੯੫੭*

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸਦਾਕਤੀ ਸ਼ਹਾਦਤ ਹੈ। ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ। ਸਚੇ ਸਤਿਗੁਰੂ ਦੇ ਸਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ ਖਸਮ ਨੂੰ ਸਚ ਕਰਕੇ ਪਛਾਣਿਆ ਹੈ, ਸੋਈ ਸਚੀ ਦਰਗਾਹ ਦੇ ਸਚੇ ਮੱਲ ਭਏ ਹਨ। ਤਿਨ੍ਹਾਂ ਨੇ ਸਚੇ ਦੀ ਸਚੀ ਦਰਗਾਹ ਐਸੀ ਮੱਲੀ ਹੈ ਕਿ ਸਚੀ ਦਰਗਾਹ ਮੱਲ ਕੇ ਕਦੇ ਨਹੀਂ ਹੱਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ। ਯਥਾ-

*ਜੋ ਕੀਨ੍ਹੀ ਕਰਤਾਰਿ ਸਾਈ ਭਲੀ ਗਲ॥*
*ਜਿਨ੍ਹੀ ਪਛਾਤਾ ਖਸਮੁ ਸੇ ਦਰਗਾਹ ਮਲ॥੧੬॥*
*ਅੰਗ - ੯੬੪*

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹ ਇਹ ਹਾਲ ਹੋਵੇਗਾ -

*ਪਾਖੰਡ ਪਾਖੰਡ ਕਰਿ ਕਰਿ ਭਰਮੇ*
*ਲੋਭੁ ਪਾਖੰਡੁ ਜਗਿ ਬੁਰਿਆਰੇ॥*
*ਹਲਤਿ ਪਲਤਿ ਦੁਖਦਾਈ ਹੋਵਹਿ*
*ਜਮਕਾਲੁ ਖੜਾ ਸਿਰਿ ਮਾਰੇ॥੪॥*
*ਸਾਕਤ ਨਰ ਸਭਿ ਭੂਖ ਭੁਖਾਨੇ*
*ਦਰਿ ਠਾਢੇ ਜਮ ਜੰਦਾਰੇ॥੬॥(੮॥੨)*
*ਅੰਗ - ੯੮੧*

ਡਿਠਾ ਜੇ! ਸਾਕਤ ਨਰਾਂ, ਲੋਭੀਆਂ, ਪਖੰਡੀਆਂ ਨੂੰ ਜਮ ਜੰਦਾਰ ਦੇ ਦਰ ਤੇ ਭੂਖਣ ਭੁੱਖੇ, ਦੁਖਦਾਈ ਮਾਰਾਂ ਖਾਂਦੇ ਹੋਏ, ਖਲੋਵਣਾ ਹੋਵੇਗਾ। ਤਿਨ੍ਹਾਂ ਦੇ ਹਲਤ ਪਲਤ ਦੋਵੇਂ ਦੁਖਦਾਈ ਹੋਣਗੇ। ਓਦੋਂ ਹੀ ਪਤਾ ਲਗੇਗਾ, ਜਦੋਂ ਮਰਨ ਤੋਂ ਪਿਛੋਂ ਅਗੋਂ ਜਮਾਂ ਦੀ ਮਾਰ ਪਵੇਗੀ। ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰੇ ਹੋਏ ਉਹ ਸਾਕਤ ਨਰ ਮਨੁੱਖਾ ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ। ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕਰਮਾਂ ਵਿਚ, ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ। ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿੱਖਿਆ ਸੁਣਨ, ਤੇ ਸੁਣ ਕੇ ਸਤਿ ਸਤਿ ਕਰਕੇ ਮੰਨਣ। ਜੇ ਉਨ੍ਹਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ ਹੋਵੇ ਤਾਂ ਉਹ ਪਾਪ ਕਰਮ, ਲੋਭ, ਪਾਖੰਡ, ਵਿਕਾਰਾਂ ਤੋਂ ਬਚਣ। ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ। ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ, ਬੇ-ਦਰੇਗ ਮੰਦ ਕਰਮਾਂ ਵਿਚ ਹੀ ਰੱਚਤ ਬੱਚਤ ਹੋਣਾ ਹੈ-

*ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ॥*
*ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ॥*
*ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ॥*
*ਅੰਗ - ੧੦੧੦*

ਇਹ ਉਪਰਲਾ ਗੁਰਵਾਕ ਕੈਸੀ ਸੂਝ ਬੁਝਾਉਂਦਾ ਹੈ। ਜਿਨ੍ਹਾਂ ਨੇ ਨਾਮ ਵਿਸਾਰ ਦਿੱਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਏਸ ਸੰਸਾਰ ਵਿਚ ਕਾਹਨੂੰ ਆਏ? ਕੀ ਧੁੜਿਆ ਪਿਆ ਸੀ, ਉਨ੍ਹਾਂ ਦੇ ਏਥੇ ਆਉਣ ਖੁਣੋ ਉਨ੍ਹਾਂ ਨਾਮ ਵਿਹੂਣਿਆਂ ਨੂੰ ਅੱਗੇ ਪਿੱਛੇ, ਏਸ ਤੇ ਕਦੇ ਸੁਖ ਮਿਲਣਾ ਨਹੀਂ। ਗੁਰਮਤਿ ਗੁਣ ਕੋਈ ਮਨੁੱਖ ਯਾ ਇਨਸਾਨ ਹਨ? ਓਹ ਤਾਂ ਲੋਕ ਤੇ ਪਰਲੋਕ ਵਿਚ, ਕਿਤੇ ਵਿਹੂਣੇ, ਨਾਮ ਸਖਲੂਣੇ ਮਾਨੂ ਵਾਰ (ਮਿੱਟੀ) ਦੇ ਲੱਦੇ ਹੋਏ ਗਡੇ ਸਮਾਨ ਹਨ। ਛਾਰ ਉਡਾ ਕੇ, ਤੇ ਛਾਰ ਉਡਾਉਂਦੇ ਹੀ ਚਲੇ ਜਾਣਗੇ, ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ -

*ਗੁਰਮੁਖਿ ਜਿਨੀ ਨਾਮੁ ਨ ਪਾਇਆ॥*
*ਮਨਮੁਖਿ ਬਿਰਥਾ ਜਨਮੁ ਗਵਾਇਆ॥*
*ਅਗੈ ਵਿਣੁ ਨਾਵੈ ਕੋ ਬੇਲੀ ਨਾਹੀ*
*ਬੂਝੈ ਗੁਰ ਬੀਚਾਰੀ ਜੀਉ॥੯॥(੧੦॥੧)*
*ਅੰਗ - ੧੦੧੬*

'ਚਲਦਾੜ

# ਖਾਲਸੇ ਪੰਥ ਦਾ ਖਾਲਸਈ ਸਿਧਾਂਤ

*[ਭਾਈ ਕਰਮ ਸਿੰਘ ਜੀ]*

ਖਾਲਸਾ ਪੰਥ ਦੀ ਸਾਜਨਾਂ ਧਰਮਾਂ ਤੇ ਕੌਮਾਂ ਦੇ ਇਤਿਹਾਸ ਵਿੱਚ ਖਾਲਸੇ ਦੇ ਨਿਆਰੇ ਤੇ ਮੌਲਿਕ ਸਰੂਪ ਨੂੰ ਨਿਰੂਪਨ ਕਰਕੇ, ਪੰਥ ਦੀ ਸੁਤੰਤਰ ਹਸਤੀ ਨੂੰ ਸਥਾਪਿਤ ਕਰਨਾ ਅਤੇ ਸਮੁੱਚੀ ਮਾਨਵਤਾ ਨੂੰ ਅਧਿਆਤਮਿਕ, ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਖੇਤਰ ਵਿੱਚ ਬਰਾਬਰਤਾ ਤੇ ਸੁਤੰਤਰਤਾ ਪ੍ਰਦਾਨ ਕਰਨਾ ਸੀ। ਅਸਲ ਵਿੱਚ ਸਿਧਾਂਤਕ ਤੌਰ ਤੇ ਖਾਲਸਾ ਪੰਥ ਦੀ ਸਿਰਜਨਾ ਦਾ ਮਨੋਰਥ, ਨਾਮ-ਗੁਰਬਾਣੀ ਸੀ। ਜਿਸ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ। ਜਦੋਂ ਸਿੱਧਾਂ ਨੇ ਪੁਛਿਆ ਸੀ ਕਿ ਹੇ ਨਾਨਕ ਤੁਸੀਂ ਆਪਣੇ ਸਿੱਖੀ ਮਹਿਲ ਦੀ ਉਸਾਰੀ ਕਿਸ ਦੀ ਸਹਾਇਤਾ ਨਾਲ ਕਰੋਂਗੇ ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿੱਚ ਗੁਰੂ ਜੀ ਨੇ ਆਖਿਆ ਸੀ ਕਿ ਗੁਰਬਾਣੀ ਸੰਗਤ ਬਿਨਾਂ ਦੂਜੀ ਓਟ ਨਹੀਂ ਹੈ ਰਾਈ। ਭਾਵ ਕਿ ਮੈਂ ਸਿੱਖੀ ਦੇ ਮਹੱਲ ਨੂੰ ਬਾਣੀ ਅਤੇ ਸੰਗਤ ਦੇ ਸਹਾਰੇ ਖੜ੍ਹਾ ਕਰਾਂਗਾ।

ਬਾਕੀ ਗੁਰੂ ਸਾਹਿਬਾਨਾਂ ਨੇ ਇਹਨਾਂ ਥੰਮਾਂ ਤੇ ਹੀ ਸਿੱਖੀ ਦਾ ਮਹੱਲ ਉਸਾਰਿਆ ਅਤੇ ਲਗਾਤਾਰ ਦੋ ਸੋ ਸਾਲਾਂ ਦੀ ਕਠਿਨ ਘਾਲਣਾ ਸਦਕਾ, ਬਾਣੀ ਸ੍ਰੀ ਗੁਰੂ ਗ੍ਰੰਥ ਬਣੀ ਅਤੇ ਸੰਗਤ ਖਾਲਸਾ ਪੰਥ, ਬਣੀ। ਗੁਰਦਾਸ ਜੀ ਦੇ ਅਨੁਸਾਰ-'ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ' ਅਤੇ ਜੋਤਿ ਉਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ਦੇ ਗੁਰਮਤਿ ਸਿਧਾਂਤ ਅਨੁਸਾਰ ਦਸਮੇਸ਼ ਪਿਤਾ ਨੇ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬਿਆ ਪੰਥ ਗੁਰੂ ਦਾ ਸਿਧਾਂਤ ਪ੍ਰਗਟ ਕੀਤਾ ਅਤੇ ਗੁਰਬਾਣੀ ਦੇ ਆਸ਼ੇ ਮੁਤਾਬਿਕ ਖਾਲਸਾ ਪੰਥ ਨੂੰ ਮਨੁੱਖਤਾ ਦੇ ਸਮੁੱਚੇ ਸਰਬਪੱਖੀ ਵਿਕਾਸ ਦੀ ਸਾਰੀ ਜ਼ਿੰਮੇਵਾਰੀ ਸੰਭਾਲੀ।

ਆਮ ਤੌਰ ਤੇ ਕਈ ਵਾਰ ਮਨੁੱਖ ਆਪਣੇ ਧਰਮ ਦੇ ਸਿਧਾਂਤਾਂ ਅਤੇ ਰਸਮਾਂ ਰਿਵਾਜਾਂ ਨੂੰ ਦੂਜਿਆਂ ਨਾਲੋਂ ਵਧੇਰੇ ਉਚਿਤ ਅਤੇ ਨਵੀਨ ਸਮਝਣ ਲੱਗ ਜਾਂਦਾ ਹੈ। ਇਸ ਤਰ੍ਹਾਂ ਦੀ ਸੋਚ ਨੇ ਇੱਕ ਐਸੀ ਧਾਰਮਿਕ ਕੱਟੜਤਾ ਤੇ ਹਉਮੈ ਨੂੰ ਜਨਮ ਦਿੱਤਾ ਜਿਸ ਨੇ ਅਧਰਮੀਆਂ ਨਾਲੋਂ ਵੀ ਵਧੇਰੇ ਜ਼ੁਲਮ ਕੀਤੇ। ਇਸ ਤਰ੍ਹਾਂ ਦੀ ਹਉਮੈ, ਕੱਟੜਤਾ ਅਤੇ ਭਿਆਨਕ ਵਿਤਕਰੇ ਤੋਂ ਸਿੱਖੀ ਨੂੰ ਬਚਾਉਣ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਵੱਖ ਵੱਖ ਧਰਮਾਂ ਅਤੇ ਜਾਤ-ਵਰਨਾਂ ਦੇ ਰੱਬੀ ਭਗਤਾਂ ਦੇ ਪਾਵਨ ਕਲਾਮਾਂ ਨੂੰ ਗੁਰਬਾਣੀ ਦੇ ਬਰਾਬਰ ਦਰਜ ਕਰਕੇ ਸਮੁੱਚੀ ਮਾਨਵਤਾ ਨੂੰ ਧਾਰਮਿਕ ਅਤੇ ਸਮਾਜਿਕ ਬਰਾਬਰਤਾ ਪ੍ਰਦਾਨ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੇ ਮਨੁੱਖੀ ਏਕਤਾ ਬਰਾਬਰਤਾ ਦੇ ਭਾਈਚਾਰੇ ਦੇ ਅਸੂਲਾਂ ਤੇ ਪਹਿਰਾ ਦੇਣ ਵਾਸਤੇ ਹੀ ਦਸਮੇਸ਼ ਪਿਤਾ ਨੇ ੧੬੯੯ ਦੀ ਵਿਸਾਖੀ ਵਾਲੇ ਦਿਨ ਮੌਤ ਵਰਗਾ ਕਰੜਾ ਇਮਤਿਹਾਨ ਲੈ ਕੇ ਖਾਲਸਾ ਪੰਥ ਸਾਜਿਆ ਅਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਫਿਰ ਆਪ ਉਹਨਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਪ੍ਰੰਪਰਾਗਤ ਰੂਪ ਵਿੱਚ ਸਥਾਪਿਤ ਗੁਰੂ-ਚੇਲੇ ਦਾ ਭੇਦ ਮਿਟਾ ਕੇ ਸਦਾ ਵਾਸਤੇ ਊਚ-ਨੀਚ, ਜਾਤ-ਪਾਤ ਛੂਆ-ਛਾਤ, ਅਮੀਰ, ਗਰੀਬ ਅਤੇ ਮਰਦ-ਇਸਤਰੀ ਦਾ ਵਿਤਕਰਾ ਵੀ ਜੜ੍ਹਾਂ ਤੋਂ ਖਤਮ ਕਰ ਦਿੱਤਾ। ਹੁਣ ਖਾਲਸੇ ਦਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ, ਜਨਮ ਅਸਥਾਨ ਸ੍ਰੀ ਕੇਸਗੜ੍ਹ ਸਾਹਿਬ, ਵਾਸੀ ਅਨੰਦਪੁਰ, ਮਜ਼ਹਬ ਖਾਲਸਾ, ਵਿਰਸਾ ਤੇ ਰਾਸਿ, ਗੁਰਬਾਣੀ ਤੇ ਇਤਿਹਾਸ ਇਹ ਸਰਬ ਸਾਂਝਾ ਅਨੁਭਵ ਜਗਾ ਕੇ, ਏਕਤਾ ਬਰਾਬਰਤਾ ਸਦਭਾਵਨਾ ਅਤੇ ਸਕੇ ਭਾਈਆਂ ਵਰਗੇ ਸਹਿਯੋਗ ਦੇ ਵਾਤਾਵਰਨ ਵਿੱਚ ਰਹਿਣ ਦਾ ਆਚਾਰ ਸਮਝਾਇਆ।

ਰਿਸ਼ੀਆਂ, ਮੁੰਨੀਆਂ, ਪੀਰਾਂ, ਫਕੀਰਾਂ, ਪੈਗੰਬਰਾਂ, ਅਵਤਾਰਾਂ ਅਤੇ ਸ਼ੇਰ ਮਰਦ ਯੋਧਿਆਂ ਵਾਲਾ ਨਿਰਾਲਾ ਸਰੂਪ ਬਖਸ਼ ਕੇ ਖਾਲਸੇ ਦਾ ਸਿੱਧਾ ਸਬੰਧ ਅਕਾਲ ਪੁਰਖ ਵਾਹਿਗੁਰੂ ਨਾਲ ਜੋੜ ਕੇ ਹਮੇਸ਼ਾਂ ਵਾਸਤੇ ਧਾਰਮਿਕ ਵਿਚੋਲਿਆਂ ਦਾ ਭੋਗ ਪਾ ਦਿੱਤਾ। ਖਾਲਸੇ ਨੂੰ ਪ੍ਰਮਾਤਮਾ ਦੀ ਮੌਜ (ਰਜਾ) ਵਿਚੋਂ ਪ੍ਰਗਟ ਹੋਣ ਦਾ ਮਾਣ ਵੀ ਬਖਸ਼ਿਆ। ਖਾਲਸੇ ਦੀ ਸਿਫਤ ਕਰਦਿਆਂ ਦਸਮੇਸ਼ ਪਿਤਾ ਆਖਦੇ ਹਨ :-

*ਖਾਲਸਾ ਅਕਾਲ ਪੁਰਖ ਕੀ ਫੌਜ।*
*ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮਉਜ॥*
*ਖਾਲਸਾ ਮੇਰੋ ਰੂਪ ਹੈ ਖਾਸ,*
*ਖਾਲਸੇ ਮੈ ਹਉ ਕਰਹੁ ਨਿਵਾਸ॥*
*ਜਬ ਲਗ ਖਾਲਸਾ ਰਹਹਿ ਨਿਆਰਾ,*
*ਤਬ ਲਗ ਤੇਜ ਦੀਉ ਮੈਂ ਸਾਰਾ।*
*ਜਬ ਇਹ ਗਹਹਿ ਬਿਪਰਨ ਕੀ ਰੀਤ,*
*ਮੈਂ ਨ ਕਰਹੁ ਇਨਕੀ ਪ੍ਰਤੀਤ।*

ਅਤੇ

*ਖਾਲਸਾ ਖਾਸ ਕਹਾਵੈ ਸੋਈ*
*ਜਾ ਕੇ ਹਿਰਦੈ ਭਰਮ ਨਾ ਹੋਈ।*

ਭਰਮ ਭੇਖ ਤੇ ਰਹਹਿ ਨਿਆਰਾ, ਸੋ ਖਾਲਸ ਸਤਿਗੁਰੂ ਹਮਾਰਾ। (ਸਰਬ ਲੋਹ ਗ੍ਰੰਥ) ਐਸੀਆਂ ਸਿਫਤਾਂ ਤੇ ਗੁਣਾਂ ਵਾਲੇ ਨਿਆਰੇ ਖਾਲਸੇ ਦੀ ਜੀਵਨ ਜੁਗਤਿ ਸਮਝਾਦਿਆਂ ਦਸਮੇਸ਼ ਪਿਤਾ ਜੀ ਆਖਦੇ ਹਨ :

*ਜਾਗਤਿ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾ ਮਨ ਨੈਕ ਨ ਆਨੈ*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ*
*ਏਕ ਬਿਨਾ ਨਹ ਏਕ ਪਛਾਨੈ।*
*ਪੂਰਨ ਜੋਤਿ ਜਗੈ ਘਟ ਮਹਿ*
*ਤਬ ਖਾਲਸਾ ਤਾਹਿ ਨਖਾਲਿਸ ਜਾਨੈ॥ (ਦਸਮ ਗ੍ਰੰਥ)*

ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੇ ਕੀਤੇ ਹੋਏ ਖਾਲਸੇ ਦੇ ਅਰਥ, ਸ਼ੁੱਧ-ਨਿਰਮਲ, ਬਿਨਾ ਮਿਲਾਵਟ ਅਤੇ ਢੁੱਕਵੇਂ ਪ੍ਰਤੀਤ ਹੁੰਦੇ ਹਨ ਅਸਲ ਵਿੱਚ ਗੁਰੂ ਜੀ ਨੇ ਖਾਲਸੇ ਦਾ ਆਤਮ ਬੋਧ ਅਤੇ ਅਣਖ ਬੋਧ ਜਗਾ ਕੇ ਸਹਿਜ ਮਰਦਾਨਗੀ ਤੇ ਚੜ੍ਹਦੀ ਕਲਾ ਦੇ ਮੰਡਲ ਵਿੱਚ ਜਿਉਣ ਦਾ ਵਰਦਾਨ ਦਿੱਤਾ। ਕ੍ਰਿਸ਼ਨਾ ਅਵਤਾਰ ਬਾਣੀ ਵਿੱਚ ਆਖਦੇ ਹਨ -

*ਧੰਨ ਜੀਉ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿੱਤ ਮੈ ਜੁੱਧ ਬਿਚਾਰੈ॥*
*ਦੇਹ ਅਨਿੱਤ ਨਾ ਨਿੱਤ ਰਹਹਿ*
*ਜਸ ਨਾਵ ਚੜ੍ਹੇ ਭਵ ਸਾਗਰ ਤਾਰੈ।*
*ਧੀਰਜ ਧਾਮ ਬਨਾਇ ਇਹੈ ਤਨ*
*ਬੁਧ ਸੁ ਦੀਪਕ ਜਿਉ ਉਜੀਆਰੈ।*
*ਗਿਆਨਹਿ ਕੀ ਬਢਨੀ ਮਨੋ ਹਾਥ ਲੈ*
*ਕਾਤਰਤਾ ਕੁਤਵਾਰ ਬੁਹਾਰੈ॥ (ਦਸਮ ਗ੍ਰੰਥ)*

ਇਸ ਤਰ੍ਹਾਂ ਜਿਹੜੇ ਸੱਜਣ ਖਾਲਸੇ ਨੂੰ ਕੇਵਲ ਇੱਕ ਖਾਸ ਪਹਿਰਾਵੇ, ਜਾਂ ਕਕਾਰਧਾਰੀ ਜਾਂ ਬਾਣਾ-ਧਾਰੀ ਖਾਲਸਾ ਤੱਕ ਹੀ ਸੀਮਤ ਕਰਦੇ ਵੇਖਦੇ ਹਨ। ਖਾਲਸੇ ਦੀ ਜੀਵਨ ਰਹਿਤ ਨੂੰ ਖਾਲਸਾਈ ਸਿਧਾਂਤ ਨਾਲੋਂ ਤੋੜਕੇ ਵੇਖਣ ਦੀ ਭੁੱਲ ਕਰਦੇ ਹਨ। ਜੇ ਕਰ ਬਾਣਾ ਬਾਣੀ ਨਾਲੋਂ ਟੁਟਿਆ ਹੋਇਆ ਹੈ ਤਾਂ ਉਸ ਨੂੰ ਉਸੇ ਕਸਵੱਟੀ ਤੇ ਪਰਖਿਆ ਜਾਵੇਗਾ, ਜਿਸ ਕਸਵੱਟੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨੇਊ ਨੂੰ ਪਰਖਿਆ ਸੀ। ਪਾਵਨ ਬਾਣੀ ਦੇ ਬੋਲ ਹਨ -

*ਦਇਆ ਕਪਾਹ ਸੰਤੋਖ ਸੂਤੁ*
*ਜਤ ਗੰਢੀ ਸਤੁ ਵਟ।*
*ਏਹੁ ਜਨੇਊ ਜੀਅ ਕਾ*
*ਹਈ ਤਾ ਪਾਂਡੇ ਘਤੁ॥ ਅੰਗ - ੪੭੧*

ਗੁਰਮਤਿ ਅੰਦਰ ਪਖੰਡ ਨੂੰ ਕੋਈ ਥਾਂ ਨਹੀ, ਗੁਰਮਤਿ ਨੇ ਤਾਂ ਅਮਲ ਜਾਂ ਕਰਮ ਨੂੰ ਪ੍ਰਧਾਨਤਾ ਦਿੱਤੀ ਹੈ। ਕੇਵਲ ਭੇਖ ਵਾਲੇ ਪਖੰਡੀ ਨੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਭਗਤ ਕਬੀਰ ਜੀ ਨੇ -

*ਗਜ ਸਾਢੇ ਤੈ ਤੈ ਧੋਤੀਆ*
*ਤਿਹਰੇ ਪਾਇਨ ਤਗ॥*
*ਗਲੀਂ ਜਿਨ੍ਾ ਜਪਮਾਲੀਆ*
*ਲੋਟੇ ਹਥਿ ਨਿਬਗ॥ ਅੰਗ - ੪੭੬*

*ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥* ਨਾਲ ਤੁਲਨਾਇਆ ਹੈ। ਅਸਲ ਵਿੱਚ ਖਾਲਸਾਈ ਤੱਤਕ ਸਿਧਾਂਤ ਦੀ ਕਮਾਈ ਵਾਲੇ ਭਾਵ ਦਾਗੇ ਹੋਏ ਗੁਰਸਿੱਖਾਂ ਦੇ ਜੀਵਨ ਵਿਵਹਾਰ ਵਿਚੋਂ ਪ੍ਰਗਟ ਹੋਣਾ ਹੈ। ਰਹਿਤਨਾਮੇ ਵੀ ਇਹੋ ਜਿਹੇ ਸਿੱਖਾਂ ਦੀ ਸਿਫਤ ਕਰਦੇ ਹਨ *'ਰਹਿਣੀ ਰਹਹਿ ਸੋਈ ਸਿੱਖ ਮੇਰਾ॥ ਉਹ ਸਾਹਿਬ ਮੈਂ ਉਸਕਾ ਚੇਰਾ॥ (ਰਹਿਤ ਨਾਮਾ ਭਾਈ ਦੇਸਾ ਸਿੰਘ)* ਪਰ ਕਈ ਥਾਵਾਂ ਤੇ ਖਾਲਸਈ ਤੱਤ ਨੂੰ ਸਿਧਾਂਤ ਦੀ ਥਾਂ ਕੇਵਲ ਪ੍ਰੰਪਰਾ ਦੇ ਆਸਰੇ ਖੜ੍ਹੇ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗੁਰਬਾਣੀ ਸਿਧਾਂਤ ਦੀ ਚੇਤਨਾ ਤੋਂ ਬਿਨਾਂ ਪ੍ਰੰਪਰਾਵਾਂ ਕਈ ਵਾਰੀ ਸਥਾਨਿਕ ਰਸਮੀ ਲੋੜਾਂ ਤੱਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਤਖ਼ਤ ਸ੍ਰੀ ਹਜ਼ੂਰ ਸਾਹਿਬ, ਪਟਨਾ ਸਾਹਿਬ ਅਤੇ ਕਈ ਹੋਰ ਜਥੇਬੰਦੀਆਂ ਮਹਿਜ ਪ੍ਰੰਪਰਾ ਨੂੰ ਹੀ ਅਧਾਰ ਬਣਾ ਕੇ ਵੱਖਰੀ ਰਹਿਤ ਨਾਲ ਜੁੜੀਆਂ ਹੋਈਆਂ

ਕਹੀਆਂ ਜਾ ਸਕਦੀਆਂ ਹਨ।

ਖਾਲਸਾ ਪੰਥ ਦਾ ਇਕੋ ਹੀ ਸਿਧਾਂਤ ਮੂਲਕ ਰਹਿਤ ਮਰਿਯਾਦਾ ਹੋਣੀ ਚਾਹੀਦੀ ਹੈ, ਜੋ ਅਕਾਲ ਤਖ਼ਤ ਵਲੋਂ ਪ੍ਰਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਅਤੇ ਪ੍ਰਚਾਰੀ ਜਾ ਰਹੀ ਹੈ। ਇਸ ਰਹਿਤ ਮਰਯਾਦਾ ਨਾਲ ਜਿਹੜੀਆਂ ਜਥੇਬੰਦੀਆਂ ਸਹਿਮਤ ਨਹੀਂ ਹਨ, ਉਹ ਪੰਥਕ ਘੇਰੇ ਅੰਦਰ ਡੇਰੇਦਾਰੀ ਨੂੰ ਉਤਸਾਹਿਤ ਕਰਨ ਦੀ ਭੂਮਿਕਾ ਨਿਭਾ ਰਹੀਆਂ ਹਨ।

ਸਾਡਾ ਪਿਛਲਾ ਇਤਿਹਾਸ ਦੱਸਦਾ ਹੈ ਕਿ ਜੇ ਕਦੀ ਕੁਝ ਵਿਅਕਤੀ ਜੀਵਨ ਦੀਆਂ ਉਚਾਈਆਂ ਤੇ ਪਹੁੰਚ ਵੀ ਗਏ ਤਾਂ ਆਖਿਰਕਾਰ ਉਹ ਗੱਦੀਦਾਰ ਜਾਂ ਡੇਰੇਦਾਰ ਮਹੰਤ ਬਣ ਕੇ ਰਹਿ ਗਏ। ਉਹਨਾਂ ਦੇ ਪਿਛਲੱਗ ਇੱਕ ਫਿਰਕਾ ਜਾਂ ਸੰਪਰਦਾ ਬਣ ਕੇ ਰਹਿ ਗਏ। ਰਾਜਨੀਤਕ ਖੇਤਰ ਵਿੱਚ ਇਸ ਵਿਅਕਤੀਵਾਦੀ ਸਿਧਾਂਤ ਨੇ ਚੰਗੇਜ਼, ਹਿਟਲਰ ਜਾਂ ਔਰੰਗਜੇਬ ਵਰਗੇ ਤਾਨਾਸ਼ਾਹ ਪੈਦਾ ਕੀਤੇ। ਧਾਰਮਿਕ ਖੇਤਰ ਵਿੱਚ ਦੰਭੀ, ਪਖੰਡੀ, ਗੁਰੂ ਤੇ ਸਾਧ ਸੰਗਤ, ਪੈਦਾ ਹੋਈ ਆਪਸੀ ਫੁੱਟ ਦੀ ਉਪਜ ਹਨ। ਇਸੇ ਸੋਚ ਦੀ ਉਪਜ ਹਨ। ਇਸੇ ਸੋਚ ਨੇ ਸਿੱਖ ਨੂੰ ਪਹਿਲਾਂ ਧੀਰਮੱਲੀਆਂ ਰਾਮਰਾਈਆ, ਬਡਭਾਗ ਸਿੰਘੀਆਂ, ਨਾਧਮਾਰੀ, ਨਿਰੰਕਾਰੀ, ਰਾਧਾਸਵਾਮੀ ਤੇ ਹੁਣ ਸਰਸੇ ਵਾਲਾ, ਸਿਆੜ ਵਾਲਾ, ਭਾੜੇ ਵਾਲਾ, ਡੇਰੇ ਵਾਲਾ, ਭੂਮੀ ਵਾਲਾ ਸਿੱਖ ਤੇ ਇਸਾਈ ਸਿੱਖ ਆਦਿਕ ਬਨਾਉਣ ਦਾ ਯਤਨ ਕੀਤਾ ਹੈ ਹੋਰ ਪਤਾ ਨਹੀਂ ਕਿੰਨੀਆਂ ਕੁ ਕਿਸਮਾਂ ਬਣਨਗੀਆਂ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਸੁਤੰਤਰ ਖਾਲਸਈ ਤੱਤਾਂ ਨੂੰ ਸਿੱਖ ਮਾਨਸਿਕਤਾ ਅੰਦਰ ਸੁਰੱਖਿਅਤ ਕਿਵੇਂ ਰੱਖਣਾ ਹੈ।

ਖਾਲਸਾ ਕੇਵਲ ਸੁਧਾਰਵਾਦੀ ਲਹਿਰ ਹੀ ਨਹੀਂ ਸਗੋਂ ਰਾਜ ਕਰੇਗਾ ਖਾਲਸਾ-ਇਨਕਲਾਬੀ ਸੁਰ ਵਾਲਾ ਖਾਲਸਈ ਆਦਰਸ਼ ਹੈ ਅਤੇ ਮੁਖ ਤੇ ਹਰਿ ਚਿੱਤ ਮੈਂ ਜੁਧ ਬਿਚਾਰੈ॥ ਵਾਂਗ ਸੁਚੇਤ ਨਿਰਾਲੀ ਜੀਵਨ ਜਾਚ ਹੈ। ਧਰਮ ਅਤੇ ਸਦਾਚਾਰ ਦਾ ਸੁਮੇਲ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਖਾਲਸੇ ਦਾ ਪਰਮ ਧਰਮ ਹੈ। ਮੰਗਣਾ ਵਿਹਲੇ ਰਹਿ ਕੇ ਪੂਜਾ ਦਾ ਧਾਨ ਖਾਣਾ, ਸ਼ਹੀਦਾਂ, ਯਤੀਮਾਂ, ਅਪਾਹਜਾਂ ਅਤੇ ਪੰਥ ਦੇ ਨਾਂ ਤੇ ਧੱਕੇ ਨਾਲ ਉਗਰਾਹੀਆਂ ਕਰਨਾ, ਖਾਲਸੇ ਦਾ ਧਰਮ ਨਹੀਂ। ਖਾਲਸਾ ਤਾਂ ਸਤ ਸੰਤੋਖ-ਦਇਆ ਆਦਿਕ ਦੈਵੀ ਗੁਣਾਂ ਦਾ ਧਾਰਨੀਂ ਹੈ। ਖਾਲਸੇ ਦੀ ਅਵਾਜ਼ ਸੱਚ ਦੀ ਆਵਾਜ਼ ਹੈ ਅਤੇ ਕਰੋੜਾਂ ਝੂਠ ਦੀਆਂ ਆਵਾਜ਼ਾਂ ਤੇ ਭਾਰੂ ਹੈ। ਹਰ ਤਰ੍ਹਾਂ ਦੇ ਅਤਿਆਚਾਰ, ਬੇਇਨਸਾਫੀ ਅਤੇ ਧੱਕੇ ਵਿਰੁੱਧ, ਹੱਕ ਸੱਚ ਪ੍ਰੇਮ-ਅਣਖ ਤੇ ਆਜ਼ਾਦੀ ਲਈ ਅੜਨਾ ਲੜਨਾਂ ਖਾਲਸੇ ਦਾ ਇਤਿਹਾਸਕ ਵਿਰਸਾ ਹੈ।

ਖਾਲਸਾ ਭਾਵੇਂ ਸੰਕਟਾਂ ਯੁਧਾਂ, ਘੱਲੂਘਾਰਿਆਂ, ਕੰਡਿਆਲੇ ਜੰਗਲਾਂ ਤੇ ਤਪਦੇ ਮਾਰੂਥਲਾਂ ਵਿੱਚ ਵਿਚਰਦਾ ਰਿਹਾ। ਖਾਲਸੇ ਦੇ ਸਿਦਕ ਨੂੰ ਤੱਤੀਆਂ ਤਵੀਆਂ, ਆਰਿਆਂ, ਰੰਬੀਆਂ, ਚਰਖੜੀਆਂ ਅਤੇ ਨੇਜ਼ਿਆ ਨੇ ਵੀ ਪਰਖਿਆ। ਤੋਪਾਂ, ਟੈਂਕਾਂ ਨੇ ਵੀ ਇਸ ਦੀ ਅਣਖ ਨੂੰ ਅਜਮਾਇਆ। ਪਰ ਖਾਲਸਾ ਸਾਰੇ ਜੁਰਮਾਂ ਦੇ ਭੱਠਾਂ ਵਿਚੋਂ ਕੁੰਦਨ ਅਤੇ ਸਟੀਲ ਬਣਕੇ ਨਿਕਲਦਾ ਰਿਹਾ। ਜਿਉਂ ਜਿਉਂ ਖਾਲਸਾ ਸ਼ਹੀਦ ਹੁੰਦਾ ਗਿਆ, ਤਿਉਂ ਤਿਉਂ, ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ, ਜਿਉ ਜਿਉਂ ਮਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ ਦੀ ਧਾਰਨਾ ਪੰਥਕ ਭਾਵਨਾ ਨੂੰ ਪ੍ਰਪੱਕ ਕਰਦੀ ਰਹੀ। ਖਾਲਸੇ ਦੀ ਚਾਲ ਸੱਚਮੁੱਚ ਹੀ ਸੰਸਾਰ ਨਾਲੋਂ ਨਿਰਾਲੀ ਚਾਲ ਬਣ ਗਈ। ਸੰਸਾਰ ਨੇ ਪਹਿਲੀ ਵਾਰ ਖਾਲਸੇ ਦੇ ਹੱਥੋਂ ਤਲਵਾਰ ਦੀ ਵਰਤੋਂ ਕ੍ਰਿਪਾਨ ਦੇ ਰੂਪ ਵਿੱਚ ਜ਼ੁਲਮ ਕਰਨ ਦੀ ਥਾਂ ਜ਼ੁਲਮ ਰੋਕਣ ਵਾਸਤੇ ਵਰਤੀ ਜਾਂਦੀ ਵੇਖੀ।

ਸਾਨੂੰ ਬਬੇਕ ਬੁੱਧੀ ਨਾਲ ਵਿਰਾਚਨ ਦੀ ਲੋੜ ਹੈ ਕਿ ਅੱਜ ਅਸੀਂ ਕਿਥੇ ਖੜ੍ਹੇ ਹਾਂ, ਤਿੰਨ ਸੌ ਸਾਲ ਹੋ ਗਏ ਦਸਮੇਸ਼ ਪਿਤਾ ਨੇ ਪੰਥ ਵਸੈ ਮੈਂ ਉਜੜਾਂ ਮਨ ਚਾਉ ਘਨੇਰਾ' ਦੀ ਭਾਵਨਾ ਨਾਲ ਮਨੁੱਖਤਾ ਦੀ ਸੇਵਾ ਕਰਨ ਵਾਸਤੇ ਖਾਲਸਾ ਪੰਥ ਸਾਜਿਆ ਸੀ। ਅਸੀਂ ਦੂਜਿਆਂ ਦਾ ਸੁਧਾਰ ਕਰਨਾ ਚਾਹੁੰਦੇ ਹਾਂ ਪਰ -

*ਆਪੁ ਸਵਾਰਹਿ ਮੈ ਮਿਲਹਿ*
*ਮੈ ਮਿਲਿਆਂ ਸੁਖੁ ਹੋਇ।*
*ਫਰੀਦਾ ਜੇ ਤੂ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ॥* *ਅੰਗ - ੧੩੮੨*

ਅਤੇ

*ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥*
*ਅੰਗ - ੩੮੧*

ਦੇ ਗੁਰਮਤਿ ਸਿਧਾਂਤ ਨੂੰ ਸਮਝਣ ਦੀ ਖੇਚਲ ਨਹੀਂ ਕਰਦੇ। ਜਿਸ ਖੱਡ ਵਿਚੋਂ ਸਾਨੂੰ ਗੁਰੂ ਸਾਹਿਬਾਨਾਂ ਨੇ ਦੋ ਸੌ ਸਾਲ ਲਾ ਕੇ ਕੱਢਿਆ ਸੀ ਅਸੀਂ ਉਸੇ ਖੱਡ ਵਿੱਚ ਫਿਰ ਡਿਗਦੇ ਜਾ ਰਹੇ ਹਾਂ। ਗੁਰੂ ਘਰਾਂ ਦੀਆਂ ਆਲੀਸ਼ਾਨ ਸੁੰਦਰ

**(ਬਾਕੀ ਪੰਨਾ 19 ਤੇ)**

# ਧ੍ਰਿਗੁ ਇਵੇਹਾ ਜੀਵਣਾ

ਧ੍ਰਿਗੁ ਇਵੇਹਾ ਜੀਵਣਾ, ਜਿਤੁ ਹਰਿ ਪ੍ਰੀਤਿ ਨ ਪਾਇ॥

*ਜਿਤੁ ਕੰਮਿ ਹਰਿ ਵੀਸਰੈ,*
*ਦੂਜੈ ਲਗੈ ਜਾਇ ॥੧॥*
*ਐਸਾ ਸਤਿਗੁਰੁ ਸੇਵੀਐ ਮਨਾ*
*ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ,*
*ਅਵਰ ਵਿਸਰਿ ਸਭ ਜਾਇ॥*
*ਹਰਿ ਸੇਤੀ ਚਿਤੁ ਗਹਿ ਰਹੈ*
*ਜਗ ਕਾ ਭਉ ਨ ਹੋਵਈ,*
*ਜੀਵਨ ਪਦਵੀ ਪਾਇ ॥੧॥ਰਹਾਉ॥ ਅੰਗ - ੪੯੦*

ਸੰਨ ੧੬੯੯ ਦੀ ਵੈਸਾਖੀ ਸਮੇਂ ਜੋ ਸਿਖ ਸੰਗਤਾਂ ਭਾਰੀ ਗਿਣਤੀ ਵਿਚ ਭਾਰਤ ਦੇ ਕੰਨੇ ਕੋਨੇ ਵਿਚੋਂ ਧਾ ਕੇ ਗੁਰੂ-ਚਰਨਾਂ ਵਿਚ ਪੁੱਜੀਆਂ ਸਨ, ਉਹ ਗੁਰੂ ਪਾਤਸ਼ਾਹ ਦੇ ਸੰਦੇਸ਼ ਤੇ ਹੁਕਮ ਦੀ ਪਾਲਣਾ ਕਰਨ ਆਈਆਂ ਸਨ। ਉਨ੍ਹਾਂ ਵਿਚ ਗੁਰਸਿਖੀ ਦਾ ਸੱਚਾ ਸੁਚਾ ਪਿਆਰ ਸੀ। ਉਹ ਗੁਰੂ ਦਸਮੇਸ਼ ਜੀ ਦੇ ਅਨੂਪਮ ਦਰਸ਼ਨਾਂ ਦੀ ਸਿੱਕ ਲੈ ਕੇ ਇੰਨੇ ਬਿਖੜੇ ਪੈਂਡੇ ਤਹਿ ਕਰਕੇ ਅਨੰਦਪੁਰੀ ਪੁਜੀਆਂ ਸਨ। ਇਹ ਉਸ ਸਮੇਂ ਦੀ ਵਾਰਤਾ ਹੈ ਜਦੋਂ ਕਿ ਆਉਣ ਜਾਣ ਦੇ ਕੋਈ ਵੀ ਉਹ ਸਾਧਨ ਨਹੀਂ ਸਨ, ਜੋ ਅੱਜ ਪ੍ਰਾਪਤ ਹਨ।

ਕਲਗੀਧਰ ਜੀ ਦੀ ਲਲਕਾਰ ਤੇ ਜਿਨ੍ਹਾਂ ਪੰਜ ਮਰਜੀਵੜਿਆਂ ਨੇ ਆਪਣੇ ਸੀਸ ਭੇਟ ਕੀਤੇ, ਉਹ ਕੋਈ ਸਾਧਾਰਨ ਮਨੁੱਖ ਨਹੀਂ ਸਨ, ਸਗੋਂ ਉਨ੍ਹਾਂ ਅੰਦਰ ਗੁਰਸਿਖੀ ਜੀਵਨ ਜੀਣ ਦਾ ਜਜ਼ਬਾ ਠਾਠਾਂ ਮਾਰਦਾ ਸੀ। ਉਨ੍ਹਾਂ ਦੇ ਸਰੀਰ ਪ੍ਰੇਮ-ਰੰਗ ਵਿਚ ਰੱਤੇ ਹੋਏ ਅਤੇ 'ਅਖੀ ਪ੍ਰੇਮ ਕਸਾਈਆਂ ਸਨ। ਉਨ੍ਹਾਂ ਦੇ 'ਹਰਿ ਪ੍ਰਭ ਰਤੇ ਲੋਇਣ ਆਪਣੇ ਪਿਆਰੇ ਪ੍ਰੀਤਮ-ਸਾਜਨ ਦੇ ਦਰਸ ਨੂੰ ਪੇਖਣ ਲਈ ਬਿਹਬਲ ਹੋਏ ਹੋਏ ਸਨ। ਉਨ੍ਹਾਂ ਦੇ 'ਅੰਮ੍ਰਿਤ ਭਿੰਨੇ ਭਇਣ' 'ਆਪਣੇ ਰਾਮ ਸੰਗੋ ਇਸ ਝਿੱਲਿਅਤ ਹੋ ਰਹੇ ਸਨ। ਉਨ੍ਹਾਂ ਨਾਮ ਅੰਮ੍ਰਿਤ ਰਸ ਦੇ ਅਭਿਲਾਖੀਆਂ ਲਈ ਬਿਖਿਆ ਰਸ ਫਿੱਕੇ ਸਨ। ਉਨ੍ਹਾਂ ਲਈ ਦੁਨਿਆਵੀ ਰਸ ਕਸ ਖਾਣ ਪੀਣ ਦੀ ਭੁੱਖ ਅਤੇ ਅਨਿਕ ਪ੍ਰਕਾਰੀ ਬਸਤਰ ਪਹਿਨਣ ਦੀ ਚਾਹਨਾ ਨਿਰੀ ਖੀਨ ਖਰਾਬੀ, ਸੀ । ਉਨ੍ਹਾਂ ਗੁਰੂ ਕੇ ਲਾਲਾਂ ਅੰਦਰ ਗੁਰਬਾਣੀ ਦੇ ਇਹ ਹੁਕਮ ਸੰਚਰੇ ਹੋਏ ਸਨ -

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ॥੧॥ਰਹਾਉ॥*

ਅਤੇ

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥*
*ਜਿਤੁ ਪੈਧੈ ਤਨੁ ਪੀੜੀਐ*
*ਮਨ ਮਹਿ ਚਲਹਿ ਵਿਕਾਰ॥੧॥ਰਹਾਉ॥ ਅੰਗ - ੧੬*

ਉਹ ਗੁਰੂ-ਪਿਆਰ ਗੁਰਸਿਖੀ ਕਮਾਉਣ ਲਈ ਕਾਫ਼ੀ ਚਿਰ ਤੋਂ ਹੀ ਘਾਲਣਾ ਘਾਲ ਰਹੇ ਜਾਪਦੇ ਹਨ। ਉਹ ਗੁਰੂ ਕੀ ਬਾਣੀ ਦੇ ਆਸ਼ਕ ਸਨ, ਤਾਹੀਓਂ ਉਨ੍ਹਾਂ ਨੂੰ ਇੰਨੀ ਬਾਣੀ ਕੰਠ ਸੀ ਕਿ ਜਦ ਸੀਸ ਭੇਟ ਦੇ ਕੇ ਕਲਗੀਧਰ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਫਿਰ ਉਨ੍ਹਾਂ ਨੂੰ ਆਗਿਆ ਹੋਈ ਕਿ ਉਹ ਹੁਣ ਉਸੇ ਤਰਾਂ ਅੰਮ੍ਰਿਤ ਤਿਆਰ ਕਰ ਕੇ ਬਣਾਉਣ। ਫਿਰ ਉਨਾਂ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕਰਨ ਵੇਲੇ ਦੀਆਂ ਪੰਜ ਬਾਣੀਆਂ ਦੇ ਪਾਠ ਕਰ ਕੇ ਅੰਮ੍ਰਿਤ ਤਿਆਰ ਕੀਤਾ। ਇਹ ਬਾਣੀਆਂ ਤਾਂ ਹੀ ਉਸ ਵੇਲੇ ਪੜੀਆਂ ਜਾ ਸਕਦੀਆਂ ਸਨ, ਜੋ ਉਨ੍ਹਾਂ ਨੂੰ ਪਹਿਲਾਂ ਉਨ੍ਹਾਂ ਦੇ ਪੜ੍ਹਨ ਦਾ ਅਭਿਆਸ ਸੀ। ਸੋ ਉਹ ਨਾਮ-ਬਾਣੀ ਦੇ ਅਭਿਆਸੀ ਸਨ, ਉਨ੍ਹਾਂ ਦੇ ਲੋਇਣ ਬਿਸਮਾਦ ਰੰਗਾਂ ਨੂੰ ਪੇਖਣਹਾਰੇ ਸਨ। ਉਹ ਨਾਮ ਦੇ ਵਣਜਾਰੇ ਨਾਮ-ਰਸ ਦੀ ਪ੍ਰਾਪਤੀ ਦੇ ਅਕਾਂਖੀ ਸਨ। ਇਸੇ ਲਗਨ ਤੇ ਲਟਕ ਵਿਚ ਹੀ ਉਹ ਮੌਤ ਦੇ ਭਿਆਨਕ ਪੰਜੇ ਤੋਂ ਨਿਡਰ ਹੋਏ ਸਨ ਅਤੇ ਉਨ੍ਹਾਂ ਨੇ ਆਪਣੇ ਸੀਸ ਗੁਰੂ ਨੂੰ ਅਰਪਣ ਕਰ ਦਿਤੇ ਸਨ।

ਪਰ ਇਹ ਉਚੀ ਸੁੱਚੀ ਪ੍ਰੀਤ ਕਿਵੇਂ ਪ੍ਰਾਪਤ ਹੋਵੇ, ਜਿਸ ਪ੍ਰੀਤ ਦੇ ਸਦਕਾ ਹੋਰ ਹਰ ਤਰ੍ਹਾਂ ਦੀ ਮਾਇਕੀ ਪ੍ਰੀਤ ਵਿਸਰ ਜਾਵੇ, ਕੇਵਲ ਪ੍ਰਭੂ ਦੀ ਪ੍ਰੀਤ ਹੀ ਹਿਰਦੇ ਅੰਦਰ ਉਤਪੰਨ ਹੋਵੇ, ਹਰੀ ਪ੍ਰਭੂ ਨਾਲ ਚਿਤ ਜੁੜ ਜਾਏ ਅਤੇ ਬੁਢੇਪੇ ਤੇ ਮੌਤ ਆਦਿ ਦਾ ਡਰ ਚੁਕ ਜਾਏ ਅਤੇ ਫਿਰ ਜੀਵਨ

ਪਦਵੀ ਨੂੰ ਪ੍ਰਾਪਤ ਹੋ ਜਾਵੇ?

ਇਸ ਪਦ ਨੂੰ ਤਦ ਹੀ ਅਪੜ ਸਕਦੇ ਹਾਂ, ਜੇ ਦੁਨਿਆਵੀ ਰਸਾਂ ਕਸਾਂ ਵਲੋਂ ਮੂੰਹ ਮੋੜ ਲਿਆ ਜਾਵੇ। ਗੁਰਬਾਣੀ ਦਾ ਫੁਰਮਾਨ ਹੈ -

*ਰਾਰਾ ਰਸੁ ਨਿਰਸ ਕਰਿ ਜਾਨਿਆ॥*
*ਹੋਇ ਨਿਰਸ ਸੁ ਰਸੁ ਪਹਿਚਾਨਿਆ॥*
*ਇਹ ਰਸ ਛਾਡੇ ਉਹ ਰਸੁ ਆਵਾ॥*
*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ॥੩੫॥*
*ਅੰਗ - ੩੪੨*

ਦੁਨਿਆਵੀ ਸੁਆਦਾਂ ਨੂੰ ਛਡਿਆਂ ਹੀ ਉਹ ਅਧੀਮੀ ਰਸ ਪ੍ਰਾਪਤ ਹੋ ਸਕਦਾ ਹੈ। ਦੁਨਿਆਵੀ ਪਦਾਰਥਾਂ ਦੇ ਰਸਾਂ ਵਲੋਂ ਨਿ-ਰਸ ਹੋਇਆਂ ਹੀ ਉਸ ਸੱਚੇ ਸੁੱਚੇ ਨਾਮ-ਰਸ ਦੀ ਪਛਾਣ ਹੋ ਸਕਦੀ ਹੈ। ਜਿਨ੍ਹਾਂ ਨੇ ਨਾਮ-ਰਸ ਚਖਿਆ ਹੈ, ਨਾਮ-ਰਸ ਮਾਣਿਆ ਹੈ, ਉਨ੍ਹਾਂ ਨੂੰ ਫਿਰ ਦੁਨਿਆਵੀ ਭੋਗਾਂ ਦਾ ਰਸ ਭਾਉਂਦਾ ਹੀ ਨਹੀਂ।

ਪਰ ਅਜ ਸਾਡੀ ਕੀ ਅਵਸਥਾ ਹੈ? ਆਪੋ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ। ਕੀ ਅਸੀਂ ਦੁਨਿਆਵੀ ਰਸਾਂ ਕਸਾਂ ਵਿਚ ਅਤੇ ਪਦਾਰਥਾਂ ਦੇ ਅਨਿਕ ਪ੍ਰਕਾਰੀ ਭੋਗਾਂ ਵਿਚ ਗ੍ਰਸੇ ਨਹੀਂ ਪਏ ਹਾਂ? ਸਾਡੀ ਖਾਣ ਪੀਣ ਪਹਿਨਣ ਦੀ ਤ੍ਰਿਸ਼ਨਾ ਨਿਤ-ਨਵੀਂ ਹੁੰਦੀ ਹੈ, ਕਈ ਪ੍ਰਕਾਰ ਦੇ ਨਵੇਂ ਤੋਂ ਨਵੇਂ ਭੋਜਨ ਛਕ ਕੇ ਵੀ ਸਾਡੀ ਤ੍ਰਿਪਤੀ ਨਹੀਂ, ਸਗੋਂ ਦਿਨ-ਬਦਿਨ ਹੋਰ ਹੋਰ ਸੁਆਦਿਸ਼ਟ ਖਾਣਿਆਂ ਨੂੰ ਜੀਅ ਲਲਚਾਂਦਾ ਰਹਿੰਦਾ ਹੈ। ਇਸੇ ਤਰ੍ਹਾਂ ਪਹਿਰਨ ਦੀ ਲਾਲਸਾ ਵੀ ਵਧ ਤੋਂ ਵਧ ਹੈ। ਅਨਿਕ ਪ੍ਰਕਾਰੀ ਰੰਗੀਲੇ ਭੜਕੀਲੇ ਬਸਤਰਾਂ ਦੇ ਨਿਤ ਨਵੇਂ ਫੈਸ਼ਨਾਂ ਦੇ ਪਹਿਨਣ ਵਿਚ ਅਸੀਂ ਪਾਗਲ ਹੋਏ ਫਿਰਦੇ ਹਾਂ। ਸਾਡੀਆਂ ਅੱਖਾਂ ਟੈਲੀਵੀਯਨ ਦੀਆਂ ਹਾਵ-ਭਾਵ ਪੂਰਤ ਪਿਕਚਰਾਂ ਵੇਖ ਕੇ ਰਜਦੀਆਂ ਨਹੀਂ, ਸਾਡੇ ਕੰਨ ਗੁਰਬਾਣੀ ਸੁਣ ਕੇ ਇੰਨੇ ਪ੍ਰਸੰਨ ਨਹੀਂ ਹੁੰਦੇ ਜਿੰਨੇ ਚਟਕੀਲੇ ਮਟਕੀਲੇ ਗਾਣਿਆਂ-ਗੀਤਾਂ ਨੂੰ ਸੁਣਨ ਵਿਚ ਮਸਤ ਹੁੰਦੇ ਹਨ।

ਗੁਰੂ ਕੀ ਬਾਣੀ ਅਜਿਹੇ ਜੀਵਨ ਜੀਣ ਨੂੰ ਬਾਰ ਬਾਰ ਫਿਟਕਾਰਾਂ ਪਾਂਦੀ ਹੈ ਅਤੇ ਕਹਿੰਦੀ ਹੈ -

*ਫਿਟੁ ਇਵੇਹਾ ਜੀਵਿਆ*
*ਜਿਤੁ ਖਾਇ ਵਧਾਇਆ ਪੇਟੁ॥*
*ਨਾਨਕ ਸਚੇ ਨਾਮ ਵਿਣੁ*
*ਸਭੋ ਦੁਸਮਨੁ ਹੇਤੁ॥੨॥੧੬॥* *ਅੰਗ - ੪੯੦*

ਸੱਚੇ ਨਾਮ ਦੀ ਪ੍ਰੀਤ ਤੋਂ ਬਿਨਾਂ ਹੋਰ ਸਭ ਤਰ੍ਹਾਂ ਦਾ ਪਿਆਰ ਦੁਸ਼ਮਣ ਹੈ, ਦੁਖਦਾਈ ਹੈ, ਮਾਰ ਮੁਕਾਣ ਵਾਲਾ ਹੈ, ਹਲਤ ਪਲਤ, ਇਹ ਲੋਕ ਤੇ ਅਗਲਾ ਲੋਕ ਵਿਗਾੜਨ ਵਾਲਾ ਹੈ -

*ਧ੍ਰਿਗੁ ਤਿਨਾ ਦਾ ਜੀਵਿਆ ਜੋ ਹਰਿ ਸੁਖੁ*
*ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ॥*
*ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ,*
*ਤਿਨ੍ ਬੂਝ ਨ ਕਾਈ ਪਾਇ॥*
*ਹਲਤਿ ਪਲਤਿ ਓਇ ਸੁਖੁ ਨ ਪਾਵਹਿ*
*ਅੰਤਿ ਗਏ ਪਛੁਤਾਇ॥੧॥੮॥*

ਅਤੇ

*ਧ੍ਰਿਗੁ ਏਹ ਆਸਾ ਦੂਜੇ ਭਾਵ ਕੀ,*
*ਜੋ ਮੋਹਿ ਮਾਇਆ ਚਿਤੁ ਲਾਏ॥*
*ਹਰਿ ਸੁਖੁ ਪਲ੍ਹਹਿ ਤਿਆਗਿਆ,*
*ਨਾਮੁ ਵਿਸਾਰਿ ਦੁਖੁ ਪਾਏ॥*
*ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ*
*ਫਿਰਿ ਆਵੈ ਜਾਏ॥੧॥੫॥* *ਅੰਗ - ੮੫੦*

ਅਗਿਆਨੀ ਅੰਧੁਲੇ ਜੀਵ ਹਰੀ-ਨਾਮ ਦੇ ਮਹਾਨ ਸੁਖ ਨੂੰ ਤਿਆਗ ਦੇਂਦੇ ਹਨ ਅਤੇ ਹਉਮੈ ਦੇ ਅਫ਼ਾਰੇ ਵਿਚ ਉਲਝ ਕੇ ਮਾਇਆ ਦੇ ਮੋਹ ਵਿਚ ਫਸਦੇ ਤੇ ਪਾਪ ਕਮਾਂਦੇ ਹਨ ਅਤੇ ਇਉਂ ਲੋਕ ਪਰਲੋਕ ਲਈ ਦੁਖ ਸਹੇੜਦੇ ਹੋਏ ਪਛਤਾਂਦੇ, ਜਨਮ ਮਰਨ ਦੇ ਗੇੜ ਵਿਚ ਅਨੇਕਾਂ ਜੂਨੀਆਂ ਦੇ ਦੁਖ ਭੋਗਦੇ ਹਨ।

ਸਤਿਗੁਰੂ ਪਾਤਸ਼ਾਹ ਜੀਵ ਨੂੰ ਚਿਤਾਵਨੀ ਕਰਾਂਦੇ ਹਨ ਕਿ ਇਹ ਵੇਲਾ, ਮਨੁਖਾ ਜਨਮ ਦਾ ਇਹ ਅਮੋਲਕ ਅਵਸਰ ਮੁੜ ਹੱਥ ਨਹੀਂ ਆਉਣਾ, ਜੇ ਇਸ ਮਨੁਖਾ ਜਨਮ ਦੀ ਪਉੜੀ ਤੋਂ ਪੈਰ ਖਿਸਕ ਗਿਆ ਤਾਂ ਕਿਤੇ ਥਾਂ ਨਹੀਂ ਮਿਲਣੀ-

*ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ,*
*ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥*
*ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ*
*ਜਿਤੁ ਹੁਣਿ ਖਸਮੁ ਨ ਪਾਇਆ॥*
*ਪਉੜੀ ਛੁੜਕੀ ਫਿਰਿ ਹਾਥਿ ਨ ਆਵੈ*
*ਅਹਿਲਾ ਜਨਮੁ ਗਵਾਇਆ॥੧॥* *ਅੰਗ - ੭੬੬*

*ਧ੍ਰਿਗੁ ਖਾਣਾ ਧ੍ਰਿਗੁ ਪੈਨ੍ਣਾ*
*ਜਿਨਾ ਦੂਜੈ ਭਾਇ ਪਿਆਰੁ॥*
*ਬਿਸਟਾ ਕੇ ਕੀੜੇ ਬਿਸਟਾ ਰਾਤੇ,*
*ਮਰਿ ਜੰਮਹਿ ਹੋਹਿ ਖੁਆਰੁ॥੫॥੯॥* *ਅੰਗ - ੧੩੪੨*

ਗੁਰਬਾਣੀ ਉਨ੍ਹਾਂ ਪ੍ਰਾਣੀਆਂ ਨੂੰ ਬਾਰ ਬਾਰ ਧ੍ਰਿਕਾਰਾਂ ਤੋਂ ਫਿਟਕਾਰਾਂ ਪਾ ਰਹੀ ਹੈ ਜਿਹੜੇ ਮਾਇਆ ਦੇ ਰਸਾਂ ਕਸਾਂ ਨੂੰ ਭੋਗਣ ਵਿਚ, ਸੁਖਾਲੀ ਸੇਜਾਂ ਨੂੰ ਮਾਣਨ ਵਿਚ, ਗ੍ਰਿਹਸਤ ਤੇ ਕੁਟੰਬ ਦੇ ਮੋਹ-ਪਿਆਰ ਵਿਚ ਆਪਣਾ ਜੀਵਨ ਗੁਆ ਜਾਂਦੇ ਹਨ, ਪਰ ਗੁਰੂ ਚਰਨਾਂ ਵਿਚ ਜੁੜਨ ਵਿਚ ਜਾਂ

ਸੇਵਾ-ਸਿਮਰਨ ਵਲ ਸੁਰਤ ਮੋੜਦੇ ਹੀ ਨਹੀਂ। ਜਿਹਾ ਕਿ-

*ਸਤਿਗੁਰ ਸਿਉ ਚਿਤੁ ਨ ਲਾਇਓ,*
*ਨਾਮੁ ਨ ਵਸਿਓ ਮਨਿ ਆਇ॥*
*ਧ੍ਰਿਗੁ ਇਵੇਹਾ ਜੀਵਿਆ,*
*ਕਿਆ ਜੁਗ ਮਹਿ ਪਾਇਆ ਆਇ॥*
*ਮਾਇਆ ਖੋਟੀ ਰਾਸਿ ਹੈ,*
*ਏਕ ਚਸੇ ਮਹਿ ਪਾਜੁ ਲਹਿ ਜਾਇ॥੧॥੫॥*
*ਅੰਗ - ੫੧੦*

*ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ॥*
*ਧ੍ਰਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ॥੧੩॥*
*ਅੰਗ - ੧੪੧੪*

*ਧ੍ਰਿਗੁ ਬਹੁ ਜੀਵਣੁ*
*ਜਿਤੁ ਹਰਿ ਨਾਮਿ ਨ ਲਗੈ ਪਿਆਰੁ॥*
*ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ॥*
*ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ*
*ਜਿਤੁ ਹਰਿ ਪ੍ਰੀਤਿ ਨ ਹੋਇ॥੫॥੮॥ ਅੰਗ - ੨੩੩*

*ਧ੍ਰਿਗੁ ਜੀਵਣੁ ਸੰਸਾਰ ਸਚੇ ਨਾਮ ਬਿਨੁ॥*
*ਪ੍ਰਭ ਦਾਤਾ ਦਾਤਾਰ ਨਿਹਚਲੁ ਏਹੁ ਧਨੁ॥੨੦॥*
*ਅੰਗ - ੯੫੬*

ਇੰਨੀਆਂ ਫਿਟਕਾਰਾਂ ਪੈਣ ਦੇ ਬਾਵਜੂਦ ਅਸੀਂ ਗੁਰੂ ਦੀ ਦਸੀ ਕਾਰ ਕਮਾਉਣ ਦੀ ਥਾਂ, ਮਾਇਆ ਦੀ ਚਹਿਲ ਪਹਿਲ ਵਿਚ ਹੀ ਰਚ ਕੇ, ਰੰਗ-ਤਮਾਸ਼ੇ ਕੇ ਚਾਉ ਵਿਚ ਫਾਵੇ ਹੋਏ ਫਿਰਦੇ ਹਾਂ ਅਤੇ ਸਤਿਗੁਰੂ ਤੋਂ ਮਨਮੁਖ ਹੋਏ ਹੋਏ ਸੱਚੇ ਸੁਖ ਤੋਂ ਲਾਂਭੇ ਜਾ ਕੇ ਦੁਖਾਂ ਦੀਆਂ ਪੰਡਾਂ ਬੰਨ੍ਹ ਰਹੇ ਹਾਂ। ਸਾਡੀ ਇਸ ਭਟਕੀ ਹੋਈ ਦਸ਼ਾ ਦਾ ਚਿੱਤਰ ਭਗਤ ਕਬੀਰ ਜੀ ਇਉਂ ਖਿੱਚਦੇ ਹਨ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ,*
*ਜਉ ਸਿਖਾ ਮਹਿ ਚੂਕ॥*
*ਅੰਧੇ ਏਕ ਨ ਲਾਗਈ,*
*ਜਿਉ ਬਾਂਸੁ ਬਜਾਈਐ ਫੂਕ॥੧੫੮॥ ਅੰਗ - ੧੩੭੨*

ਅਸੀਂ ਮਾਇਆ ਦੀ ਇਸ ਦੌੜ ਵਿਚ ਅੰਨ੍ਹੇ ਹੋ ਰਹੇ ਹਾਂ, ਗੁਰੂ-ਹੁਕਮਾਂ ਦੀ ਕੋਈ ਪਰਵਾਰ ਨਹੀਂ ਕਰਦੇ, ਬਾਹਰਮੁਖੀ ਸਾਡੇ ਸਾਰੇ ਕਰਮ ਧਰਮ ਤੇ ਪਾਠ ਪੂਜਾ ਹਉਮੈ ਦਾ ਪਸਾਰਾ ਹੈ, ਸਭ ਕੁਝ ਨਿਰਾ ਦਿਖਾਵਾ ਤੇ ਪਖੰਡ ਹੈ। ਅਸੀਂ ਨਿਜ-ਸੁਆਰਥਾਂ ਅਤੇ ਚੌਧਰਾਂ ਤੇ ਆਪਣੇ ਧੜਿਆਂ ਦੀਆਂ ਗੱਲਾਂ ਹੀ ਚਿਤਵਦੇ ਹਾਂ। ਆਪਾ-ਤਿਆਗ ਵਾਲੀ ਗੱਲ ਹੀ ਮੁੱਕੀ ਪਈ ਹੈ। ਪਰ-ਸੁਆਰਥ, ਸਾਨੂੰ ਸੁਝਦਾ ਹੀ ਨਹੀਂ, ਦੂਜਿਆਂ ਦਾ ਭਲਾ ਚਿਤਵਣਾ ਸਾਡੇ ਅੰਦਰੋਂ ਨਿਖੁਟਦਾ ਜਾ ਰਿਹਾ ਹੈ। ਗੁਰਸਿਖਾਂ ਦੀ ਸੇਵਾ ਚਾਅ ਉਮਾਹ ਵਿਚ ਕਰਨ ਦੇ ਉਤਸ਼ਾਹ ਨਜ਼ਰ ਨਹੀਂ ਆਉਂਦੇ।ਖ਼ੁਦਗਰਜ਼ੀਆਂ ਅਤੇ ਆਪੋ-ਧਾਪੀਆਂ ਵਿਚ ਨਾਮ ਨਾਲ ਸੱਚੀ ਸੁੱਚੀ ਪ੍ਰੀਤ ਕਿਵੇਂ ਬਣ ਸਕਦੀ ਹੈ?

ਇਹੋ ਹੀ ਕਾਰਨ ਹੈ ਕਿ ਅੱਜ ਸਾਡੀ ਐਡੀ ਮੰਦੀ ਦਸ਼ਾ ਹੋ ਰਹੀ ਹੈ, ਸਾਡੀ ਇੱਜ਼ਤ ਰੋਲੀ ਜਾ ਰਹੀ ਹੈ, ਸਾਡੀ ਅਣਖ ਦੇ ਮਖ਼ੌਲ ਉਡਾਏ ਜਾ ਰਹੇ ਹਨ। ਅਸੀਂ ਬੇਖ਼ੌਫ ਹੋ ਕੇ ਆਪਣੇ ਦੇਸ਼ ਵਿਚ ਵੀ ਨਹੀਂ ਵਿਚਰ ਸਕਦੇ। ਸਾਡੀ ਦਸ਼ਾ ਗੁਲਾਮਾਂ ਤੋਂ ਵੀ ਭੈੜੀ ਹੈ। ਕੀ ਇਹ ਵੀ ਕੋਈ ਜੀਣਾ ਹੈ? ਜੋ ਇਸ ਤਰ੍ਹਾਂ ਦੀ ਬੇਪਤੀ ਦੀ ਹਾਲਤ ਵਿਚ ਅਸੀਂ ਨਿੱਕੀਆਂ ਨਿੱਕੀਆਂ ਪ੍ਰਾਪਤੀਆਂ ਸਮੇਂ ਆਪੇ ਤੋਂ ਬਾਹਰ ਹੋ ਜਾਂਦੇ ਹਾਂ ਅਤੇ ਖੁਸ਼ੀਆਂ ਦੀਆਂ ਪ੍ਰਦਰਸ਼ਨੀਆਂ ਕਰਦੇ ਹਾਂ ਤਾਂ ਲਾਹਨਤ ਹੈ ਸਾਡੇ ਜੀਵਣ ਤੇ! ਸਾਨੂੰ ਸੰਜੀਦਗੀ ਤੇ ਗੰਭੀਰਤਾ ਨਾਲ ਆਪਣੇ ਸਤਿਗੁਰਾਂ ਦੇ ਹੁਕਮ ਕਮਾਉਣੇ ਚਾਹੀਦੇ ਹਨ। ਸਤਿਗੁਰੂ ਦੇ ਹੁਕਮ ਪਾਲਣ ਵਿਚ ਸਾਰੇ ਸੁਖ ਹਨ।

ਜੋ ਗੁਰੂ ਕੇ ਲਾਲ, ਗੁਰੂ ਕਾ ਹੁਕਮ ਕਮਾਂਦੇ ਪਰਉਪਕਾਰ ਕਮਾਂਦੇ ਹਨ, ਗੁਰਸਿਖਾਂ ਦੀ ਸੇਵਾ ਕਰਦੇ ਹਨ, ਗੁਰਸਿਖਾਂ ਤੋਂ ਸਭ ਕੁਝ ਵਾਰਨੇ ਕਰਦੇ ਹੋਏ ਨਾਮ-ਬਾਣੀ ਨਾਲ ਜੁੜਦੇ ਹਨ, ਉਨ੍ਹਾਂ ਦਾ ਸਭ ਕੁਝ ਘਾਲਿਆ ਥਾਂਇ ਪੈਂਦਾ ਹੈ, ਉਨ੍ਹਾਂ ਦਾ ਜੀਵਨ ਸਫਲਾ ਹੈ। ਗੁਰੂ ਰਾਮਦਾਸ ਜੀ ਦਾ ਅਜਿਹੇ ਗੁਰਸਿਖਾਂ ਪ੍ਰਤੀ ਫ਼ੁਰਮਾਨ ਹੈ -

*ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ,*
*ਜੋ ਨਾਮਿ ਹਰਿ ਰਾਤੇ॥*
*ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ,*
*ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥*
*ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ,*
*ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥*
*ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,*
*ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ॥*
*ਜਿਨ ਕੈ ਪੋਤੈ ਪੁੰਨੁ ਹੈ, ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ॥੧੬॥ ਅੰਗ - ੬੪੮*

ਸ੍ਰੀ ਗੁਰੂ ਅੰਗਦ ਸਾਹਿਬ ਜੀ ਤਾਂ ਆਪਣੇ ਪਿਆਰੇ ਪ੍ਰੀਤਮ ਦੀ ਪ੍ਰੀਤੀ ਤੋਂ ਬਿਨਾਂ, ਸੰਸਾਰ ਵਿਚ ਹੋਰ ਜੋ ਕੁਝ ਵੀ ਜੀਉਣਾ ਹੈ, ਉਸ ਨੂੰ ਧ੍ਰਿਕਾਰ ਜੋਗ ਸਮਝਦੇ ਹਨ। ਫ਼ੁਰਮਾਨ ਹੈ -

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥੨॥੩॥*
*ਅੰਗ - ੮੩*

# ਗੁਰੂ ਕਾ ਸਿੱਖ ਕੌਣ ਹੈ?

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ*
*ਵਿਛੁੜਿ ਚੋਟਾ ਖਾਵੈ॥* ਅੰਗ - ੬੦੧

ਸਿੱਖ ਮੱਤ ਉਤੇ ਕੋਰਾ ਵਿਸ਼ਵਾਸ ਰੱਖਣਾ ਕੁਛ ਹੋਰ ਚੀਜ਼ ਹੈ, ਗੁਰੂ ਕੇ ਹੁਕਮਾਂ ਦੇ ਅਨੁਸਾਰ ਚਲਨਾ, ਅਰਥਾਤ, ਗੁਰੂ ਦੇ ਭਾਣੇ ਅੰਦਰ ਵਰਤਣਾ ਕੁਛ ਹੋਰ ਗੱਲ ਹੈ। ਵਿਸ਼ਵਾਸ ਤਾਂ ਕੇਵਲ ਗਲੀਂ ਬਾਤੀਂ ਘਰ ਪੂਰਾ ਕਰ ਲੈਣ ਵਾਲੀ ਗੱਲ ਹੈ। ਗੁਰ-ਹੁਕਮਾਂ ਦੀ ਕਮਾਈ ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿੱਖ ਮੱਤ ਦਾ ਧਾਰਨੀ ਭਾਵੇਂ ਹੋਵੇ ਭਾਵੇਂ ਨ ਹੋਵੇ, ਸਿੱਖ ਮੱਤ ਦੇ ਪਰਵਾਣ-ਕਰਤੇ ਨੂੰ ਸਿੱਖ ਮੱਤ ਦਾ ਧਾਰਨੀ ਨਹੀਂ ਕਹਿ ਸਕਦਾ। ਜਦ ਤਾਈਂ ਗੁਰੂ ਦੇ ਹੁਕਮ ਰਜਾਈ ਚਲਦਾ, ਵੱਰਤਦਾ ਹੋਇਆ ਕੋਈ ਪੁਰਸ਼ ਸਿੱਖ ਮੱਤ ਨੂੰ ਧਾਰਨ ਨਾ ਕਰ ਲਵੇ, ਨਿਰੇ ਸਿੱਖ ਮੱਤ ਉਪਰ ਵਿਸ਼ਵਾਸ ਰੱਖਣ ਨਾਲ ਉਹ ਸਿੱਖ ਨਹੀਂ ਬਣ ਸਕਦਾ, ਕਿਉਂਕਿ ਸਿੱਖ ਤਾਂ ਓਹ ਹੀ ਹੈ, ਜੋ ਗੁਰੂ ਦੇ ਭਾਣੇ ਅੰਦਰ ਆਵੇ। ਨਹੀਂ ਤਾਂ ਕੇਵਲ ਸਿੱਖ ਸਦਵਾਉਣ ਨਾਲ ਕੋਈ ਸਿੱਖ ਕਿਵੇਂ ਬਣ ਸਕਦਾ ਹੈ! ਜਦ ਉਪਰਲੇ ਗੁਰ ਪ੍ਰਮਾਣ ਦੀ ਦੂਜੀ ਤੁਕ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ' ਤੋਂ ਸਾਫ਼ ਸਿਧ ਹੈ ਕਿ ਆਪਣੇ ਭਾਣੇ ਅੰਦਰ ਚਲਣ ਵਾਲੇ, ਅਰਥਾਤ, ਆਪਣੀ ਕਥਨੀ ਬਦਨੀ ਦੁਆਰਾ ਆਪਣੇ ਆਪ ਵਿਚ ਕੁਛ ਸਿੱਖ ਬਣੇ ਫਿਰਨ ਵਾਲੇ ਸਤਿਗੁਰ ਤੋਂ ਵਿਛੜੇ ਹੋਏ ਹਨ ਅਤੇ ਭਟਕਦੇ ਫਿਰਦੇ ਹਨ, ਉਹ ਸਤਿਗੁਰ ਨਾਲ ਕੋਈ ਸੰਬੰਧ ਨਹੀਂ ਰਖਦੇ। ਸਤਿਗੁਰ ਦਾ ਸੰਬੰਧ ਕੇਵਲ ਉਹਨਾਂ ਪੁਰਸ਼ਾਂ ਨਾਲ ਹੀ ਹੈ, ਜੋ ਸਤਿਗੁਰ ਦੇ ਭਾਣੇ ਅੰਦਰ ਆ ਗਏ ਹੋਣ। ਗੁਰੂ ਦੇ ਹੁਕਮ ਰਜਾਈ ਚਲਣ ਵਾਲੇ ਹੋਣ। ਬੱਸ ਕੇਵਲ ਸਤਿਗੁਰ ਦੇ ਐਸੇ ਸਨਬੰਧੀ, ਅਰਥਾਤ, ਬੰਧਪ ਹੀ ਸਿੱਖ ਸਦਾ ਸਕਦੇ ਹਨ। ਆਪੂੰ ਕੋਈ ਆਪਣੇ ਆਪ ਨੂੰ ਸਿੱਖ ਨਹੀਂ ਸਦਾ ਸਕਦਾ। ਆਪਣੀ ਕਥਨੀ ਬਦਨੀ ਦਵਾਰਾ ਅੱਜ ਕਲ੍ਹ ਦੇ ਚੁੰਚ-ਗਿਆਨੀ ਆਪਣੇ ਆਪ ਨੂੰ ਕੇਵਲ ਸਿੱਖ ਹੀ ਨਹੀਂ ਸਦਾਉਂਦੇ, ਸਗੋਂ ਬ੍ਰਹਮ ਗਿਆਨੀ ਬਣੇ ਬੈਠੇ ਹਨ। ਪ੍ਰੰਤੂ ਅਜਿਹੇ ਕਥਨੀ ਦੇ ਚੂੰਚ-ਮੁਖੀਆਂ ਦੇ ਮੂੰਹ ਉੱਤੇ ਗੁਰਵਾਕ ਕਿਹੀ ਕਸਵੀਂ ਚਪੇੜ ਮਾਰਦਾ ਹੈ! ਯਥਾ ਗੁਰਵਾਕ -

*ਗਿਆਨੁ ਗਿਆਨੁ ਕਥੈ ਸਭੁ ਕੋਈ॥*
*ਕਥਿ ਕਥਿ ਬਾਦੁ ਕਰੇ ਦੁਖੁ ਹੋਈ॥*
*ਕਥਿ ਕਹਣੈ ਤੇ ਰਹੈ ਨਾ ਕੋਈ॥*
*ਬਿਨੁ ਰਸ ਰਾਤੇ ਮੁਕਤਿ ਨ ਹੋਈ॥੨॥*
*ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥*
*ਸਾਚੀ ਰਹਤ ਸਾਚਾ ਮਨਿ ਸੋਈ॥*
*ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥*
*ਨਾਵਹੁ ਭੂਲੇ ਥਾਉ ਨ ਕੋਈ॥੩॥* ਅੰਗ - ੮੩੧

ਦੇਖਿਆ! ਕੇਵਲ ਕਥਨੀ ਦਵਾਰਾ ਆਪਣੇ ਆਪ ਨੂੰ ਕੁਛ ਸਦਾਉਣ ਵਾਲਿਆਂ ਅਤੇ ਸੱਚੀ ਕਮਾਈ ਅਥਵਾ ਰਹਿਤ ਰਹਿਣੀ ਤੋਂ ਬਿਨਾ ਉਹ ਫਿਰਨ ਵਾਲਿਆਂ ਨੂੰ ਇਸ ਗੁਰਵਾਕ ਅੰਦਰ ਮਨਮੁਖ ਦਾ ਖਿਤਾਬ ਮਿਲਿਆ ਹੈ। ਸੋ ਆਪਣੇ ਆਪ ਵਿਚ ਹੀ ਸਿੱਖ ਬਣੇ ਫਿਰਨ ਵਾਲਾ ਸਿੱਖ ਕਦਾਚਿਤ ਨਹੀਂ ਸਦਾ ਸਕਦਾ। ਉਹ ਮਨਮੁਖ ਹੈ, ਅਸਿੱਖ ਹੈ, ਨਿਹੱਸਾਇਆ ਹੈ, ਨਿਰਾ ਹੈ ਅਤੇ ਸਤਿਗੁਰ ਬਾਝਹੁ ਗੁਰ ਨਹੀਂ ਕੋਈ ਨਿਗੁਰੇ ਕਾ ਹੈ ਨਾਉਂ ਬੁਰਾ (੪੩੫) ਦੇ ਗੁਰਵਾਕ ਤੋਂ ਸਪਾਟ ਇਹ ਸਿੱਧ ਹੁੰਦਾ ਹੈ ਕਿ ਸਤਿਗੁਰ ਨਾਨਕ ਦੇਵ ਜੀ ਦੇ ਬਿਨਾਂ ਹੋਰ ਕੋਈ ਗੁਰੂ ਸੰਸਾਰ ਵਿਖੇ ਹੈ ਨਹੀਂ, ਅਤੇ ਇਸ ਸਚੇ ਗੁਰੂ ਦੇ ਧਾਰਨ ਕੀਤੇ ਬਿਨਾਂ ਕੋਈ ਵੀ ਪੁਰਸ਼ ਇਸ ਸੰਸਾਰ ਵਿਖੇ ਬੁਰਾ ਹੀ ਰਹਿੰਦਾ ਹੈ। ਅਜਿਹੇ ਅਸਿੱਖ ਪੁਰਸ ਦਾ ਨਾਉਂ ਹੀ ਬੁਰਾ ਹੈ, ਉਸ ਨੂੰ ਗੁਰੂ ਦਾ ਸਿੱਖ ਕਦੋਂ ਕਿਹਾ ਜਾ ਸਕਦਾ ਹੈ। ਉਹ ਤਾਂ ਸਦਾ ਆਪਣੇ ਭਾਣੇ ਅੰਦਰ ਚਲਦਾ ਹੈ ਅਤੇ ਵਿਛੜ-ਵਿਛੜ ਚੋਟਾਂ ਖਾਂਦਾ ਹੈ, ਜੈਸੇ ਕਿ ਗੁਰਵਾਕ ਹੈ -

*ਸੋ ਨਿਗੁਰਾ ਜੋ ਮਰਿ ਮਰਿ ਜੰਮੈ*

*ਨਿਗੁਰੇ ਆਵਣ ਜਾਵਣਿਆ॥੨॥ ਅੰਗ - ੧੧੨*

ਹੁਣ *'ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ'* ਵਾਲੇ ਗੁਰ ਪ੍ਰਮਾਣ ਤੋਂ ਗੁਰਮਤਿ ਦਾ ਇਕ ਹੋਰ ਬੜਾ ਭਾਰੀ ਅਸੂਲ ਅਰੂੜ੍ਹ ਹੁੰਦਾ ਹੈ। ਉਹ ਇਹ ਹੈ ਕਿ ਬੇਸ਼ਕ ਸਤਿਗੁਰੂ ਗੁਰੂ ਨਾਨਕ ਦੇਵ ਜੀ ਤੋਂ ਬਿਨਾਂ ਹੋਰ ਕੋਈ ਗੁਰੂ ਨਹੀਂ, ਸੋ ਸਿੱਖ ਪਦ ਭੀ ਕੇਵਲ ਉਹਨਾਂ ਉਤੇ ਹੀ ਘਟ ਸਕਦਾ ਹੈ ਜੋ ਕੇਵਲ ਗੁਰੂ ਨਾਨਕ ਦੇਵ ਦੇ ਹੀ ਸਿੱਖ ਹੋਣ। ਜੋ ਭੇਖੀ, ਗੁਰੂ, ਸੰਸਾਰ ਵਿਖੇ ਬਣੇ ਫਿਰਦੇ ਹਨ ਉਹਨਾਂ ਦੇ ਚੇਲੇ ਭੀ ਸਿੱਖ ਸਦਾਉਣ ਦੇ ਅਧਿਕਾਰੀ ਨਹੀਂ। ਜੈਸਾ ਕਿ ਇਸ ਅਗਲੇ ਗੁਰਵਾਕ ਤੋਂ ਸਪੱਸ਼ਟ ਹੈ, ਯਥਾ ਗੁਰਵਾਕ -

***ਗੁਰੂ ਜਿਨਾ ਕਾ ਅੰਧੁਲਾ***
***ਸਿਖ ਭੀ ਅੰਧੇ ਕਰਮ ਕਰੇਨਿ॥***
***ਓਇ ਭਾਣੈ ਚਲਨਿ ਆਪਣੈ***
***ਨਿਤ ਝੂਠੋ ਝੂਠ ਬੋਲੇਨਿ॥***
***ਕੂੜੁ ਕੁਸਤੁ ਕਮਾਵਦੇ***
***ਪਰ ਨਿੰਦਾ ਸਦਾ ਕਰੇਨਿ॥***
***ਓਇ ਆਪਿ ਡੁਬੇ***
***ਪਰਨਿੰਦਕਾ ਸਗਲੇ ਕੁਲ ਡੋਬੇਨਿ॥***
***ਨਾਨਕ ਜਿਤੁ ਓਇ ਲਾਏ***
***ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥੨॥***

***ਅੰਗ - ੯੫੧***

ਇਸ ਗੁਰਵਾਕ ਤੋਂ ਸਾਨੂੰ ਹਦਾਇਤ ਮਿਲਦੀ ਹੈ ਕਿ ਭੇਖੀ ਅਗਿਆਨੀ ਗੁਰੂ ਦੇ ਸਿੱਖ ਭੀ ਹੁੰਦੇ ਹਨ। ਉਹ ਐਵੇਂ ਹੀ ਆਪਣੇ ਆਪ ਉੱਤੇ ਅਣਹੋਇਆ ਸਿੱਖ ਪਦ, ਘਟਾ ਲੈਂਦੇ ਹਨ। ਵਾਸਤਵ ਵਿਚ ਹੁੰਦੇ ਉਹ ਨਿਰੇ ਅਗਿਆਨੀ ਅੰਧੁਲੇ ਅਸਿੱਖ ਹੀ ਹਨ। ਅਲਪੱਗ, ਅਗਿਆਨੀ ਗੁਰੂ ਦੇ ਸਿੱਖ ਜੁ ਹੋਏ। ਜੈਸਾ ਕਿ ਗੁਰੂ ਵਾਕ ਹੈ :

***ਗੁਰੂ ਸਦਾਏ ਅਗਿਆਨੀ ਅੰਧਾ***
***ਕਿਸੁ ਓਹੁ ਮਾਰਗਿ ਪਾਏ॥ ਅੰਗ - ੪੯੧***

ਤਥਾ -

***ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥***

***ਅੰਗ - ੫੮***

ਅਜਿਹੇ ਅਗਿਆਨੀ ਆਪਣੇ ਆਪ ਹੀ ਗੁਰੂ ਬਣ ਬੈਠਣ ਵਾਲੇ ਅਤੇ ਆਪਣੇ ਆਪ ਨੂੰ ਨਿਖੜਵਾਂ ਭੇਖ ਮਾਤਰ ਗੁਰੂ ਸਦਾਉਣ ਵਾਲੇ ਪੁਰਸ਼ ਦੇ ਚੇਲੇ-ਚਪਾਟੇ ਭੀ ਭੇਖੀ ਅਤੇ ਅਗਿਆਨੀ ਹੁੰਦੇ ਹਨ। ਉਹ ਭੀ ਸਦਵਾਉਂਦੇ ਆਪਣੇ ਆਪ ਨੂੰ ਸਿੱਖ ਹਨ, ਪਰੰਤੂ ਕਰਮ ਉਹਨਾਂ ਦੇ ਅਸਿੱਖਾਂ ਵਾਲੇ ਹੁੰਦੇ ਹਨ, ਕਿਉਂਕਿ ਦੂਜੀ ਤੁਕ ਅੰਦਰ ਦਸਿਆ ਹੈ ਕਿ ਉਹ ਆਪਣੇ ਭਾਣੇ ਅੰਦਰ (ਮਨ ਦੀ ਮਰਜ਼ੀ ਅਨੁਸਾਰ) ਹੀ ਚਲਦੇ ਹਨ ਅਤੇ ਸਭ ਤੋਂ ਪ੍ਰਿਥਮ ਪ੍ਰਮਾਣ ਗੁਰਵਾਕ ਅੰਦਰ ਦਸਿੱਆ ਹੈ ਕਿ ਜਿਹੜੇ ਆਪਣੇ ਭਾਣੇ ਅੰਦਰ ਚਲਣ ਵਾਲੇ ਹਨ, ਉਹਨਾਂ ਦਾ ਸਤਿਗੁਰੂ ਨਾਲ ਕੋਈ ਸਬੰਧ ਸਾਕ ਨਹੀਂ। ਅਰਥਾਤ ਉਹ ਗੁਰੂ ਦੇ ਸਿੱਖ ਨਹੀਂ ਸਦਵਾ ਸਕਦੇ। ਸੋ ਇਸ ਪਿਛਲੇ ਗੁਰ-ਪ੍ਰਮਾਣ ਤੋਂ ਅਸਾਂ ਨੂੰ ਸਾਫ਼ ਇਹ ਸਮਝੌਣੀ ਮਿਲਦੀ ਹੈ ਕਿ ਅਜਿਹੇ ਕੱਚੇ ਪਿਲੇ ਭੇਖੀ ਅਤੇ ਡਿੰਭੀ ਗੁਰੂਆਂ ਦੇ ਚੇਲੇ ਚਾਟਿਆਂ ਨੂੰ ਕਦੇ ਸਿੰਘ ਕਰਕੇ ਨਹੀਂ ਜਾਨਣਾ, ਚਾਹੇ ਉਹ ਆਪ ਨੂੰ ਕਿਤਨਾ ਹੀ ਕਿਉਂ ਨਾ ਸਿੱਖ ਸਦਾਉਂਦੇ ਫਿਰਨ, ਕਿਉਂਕਿ ਉਹਨਾਂ ਦਾ ਤਾਂ ਕਸਬ : ਨਿਤਾਪ੍ਰਤਿ ਝੂਠੇ ਝੂਠ ਬੋਲਣ ਅਤੇ ਖੁਦ ਨੂੰ ਸੰਤ ਸਮਾਵਣਾ ਹੈ। ਆਪਣੇ ਮੁੱਖੋਂ ਮੀਆਂ ਮਿੱਠੂ ਤਾਂ ਸਭ ਕੋਈ ਬਣ ਜਾਂਦਾ ਹੈ। ਆਪਾਂ ਚਾਹੇ ਕੋਈ ਕਿਤਨਾ ਹੀ ਨਿਜ ਨੂੰ ਸਿੱਖ ਸਦਵਾਏ, ਉਸ ਨਿਜ ਕਥਨੀ ਦੁਆਰਾ ਉਹ ਕਦਾਚਿਤ ਸਿੱਖ ਨਹੀਂ ਬਣ ਸਕਦਾ, ਨਾ ਸਿੱਖ ਤਸਲੀਮ ਕੀਤਾ ਜਾ ਸਕਦਾ ਹੈ। ਇਸ ਗੁਰਵਾਕ ਦੀ ਵਿਆਖਿਆ ਤੋਂ ਸਿੱਟਾ ਨਿਕਲਿਆ ਕਿ ਸਿੱਖ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਧਾਰਨ ਕਰਨ ਵਾਲੇ ਨੂੰ ਕਹਿ ਸਕਦੇ ਹਾਂ। ਗੁਰੂ ਘਰ ਤੋਂ ਬੇਮੁਖ, ਦੇਹਧਾਰੀ ਗੁਰੂਆਂ ਦੇ ਚੇਲੇ ਜੋ ਕਿ ਗੁਰਮਤਿ, ਸਿੱਖ ਮਤਿ, ਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਧਾਰਨੀ ਨਾ ਹੋਣ, ਉਹਨਾਂ ਦਾ ਨਾਉਂ ਭੀ ਸਿੱਖ ਨਹੀਂ। ਇਹਨਾਂ ਭੇਖੀ ਅਤੇ ਦੇਹਧਾਰੀ ਗੁਰੂਆਂ ਅਤੇ ਅਜਿਹੇ ਨਕਲੀ ਗੁਰੂਆਂ ਦੇ ਨਕਲੀ ਸਿੱਖ ਦਾ ਮੇਲਾ ਗੁਰੂ ਪੰਥ ਵਿਖੇ ਪਹਿਲੇ ਦਿਨੋਂ ਪੈਂਦਾ ਰਿਹਾ ਹੈ। ਪ੍ਰੰਤੂ ਗੁਰੂ ਕਰਣੀ ਦੁਆਰਾ ਤਾਬੜ ਤੋੜ ਹੀ ਨਿਬੜਦਾ ਰਿਹਾ ਹੈ। ਦਸਮ ਗੁਰੂ ਨਾਨਕ, ਸ੍ਰੀ ਦਸਮੇਸ਼ ਜੀ ਨੇ ਓੜਕ ਇਸ ਮੇਲੇ ਨੂੰ ਗੁਰੂ ਘਰ ਦੀ ਅਤੇ ਗੁਰਸਿੱਖਾਂ ਦੀ ਜੁਗਾਂ ਜੁਗਾਂਤਰਾਂ ਲਈ ਅਟੱਲ ਪਰਖ ਅਤੇ ਪਛਾਣ ਅਰੂੜ੍ਹ ਕਰ ਦਿਤੀ। ਜਿਸ ਤੋਂ ਕਦਾਚਿਤ ਭੀ ਇਹ ਧੋਖਾ ਨਹੀਂ ਲਗ ਸਕਦਾ ਕਿ ਸੱਚਾ ਸਿੱਖ ਕਿਹੜਾ ਹੈ ਅਤੇ ਭੇਖੀ ਸਿੱਖ ਕਿਹੜਾ।

ਬਸ, ਜਦ ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਅਤੇ ਅਮਿਤ ਗਤੀ ਦੁਆਰਾ ਸਿੱਖ ਬਨਣ ਅਤੇ ਸਿੱਖ ਮਤਿ ਧਾਰਨ ਦੀ ਪਵਿੱਤਰ ਮਰਯਾਦਾ ਚਲਾਈ ਅਤੇ ਸਭ ਲਈ ਚਰਨਾਮ੍ਰਿਤ ਦੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਪੰਚ ਖਾਲਸਾ ਦੀ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਖੇ ਬਦਲ ਦਿਤੀ ਹੈ ਅਤੇ ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਰੂਪੀ ਪਦਵੀ ਨੂੰ

ਜੁਗਾਂਤਰਾਂ ਲਈ ਅਟੱਲ ਅਤੇ ਅਰੂੜ ਕਰ ਦਿਤਾ ਹੈ, ਤਦ ਅੱਜ ਕਲ੍ਹ ਸਿੱਖ ਬਣਨ ਲਈ ਅਤੇ ਸਿੱਖ ਮਤਿ ਦੇ ਧਾਰਨ ਕਰਨ ਲਈ ਪ੍ਰਿਥਮ ਅਤੇ ਮੂਲ ਨਿਯਮ ਖੰਡੇ ਦੇ ਅੰਮ੍ਰਿਤ ਰੂਪ ਪਵਿਤਰ ਗੁਰ ਮਰਯਾਦਾ ਤੋਂ ਭਿੰਨ ਕਦਾਚਿਤ ਕੋਈ ਹੋਰ ਨਹੀਂ ਹੋ ਸਕਦਾ। ਸਿੱਖ ਬਣਾਉਣ ਦੀ ਪਵਿਤਰ ਮਰਯਾਦਾ ਦੇ ਇਸ ਬਿਧ ਕਾਇਆਂ ਪਲਟਣ ਦਾ ਦੂਜਾ ਪ੍ਰਗਟ ਅਤੇ ਪ੍ਰਸਿਧ ਕਾਰਨ ਇਹ ਹੈ ਕਿ ਸਿੱਖ ਕੌਮ ਮੁਢ ਤੋਂ ਹੀ (ਅਰਥਾਤ, ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ) ਰਾਜ ਯੋਗ ਮਾਨਣ ਵਾਲੀ, ਅਰਥਾਤ ਗ੍ਰਹਿਸਤ ਵਿਖੇ ਰਹਿ ਕੇ ਹੀ ਮੁੱਖ ਪਦਵੀ ਨੂੰ ਪ੍ਰਾਪਤ ਹੋਣ ਵਾਲੀ ਪਰਉਪਕਾਰੀ ਅਤੇ ਧਰਮਾਰਥੀ ਕੌਮ ਹੈ। ਪਹਿਲੀਆਂ ਪੰਜ ਪਾਤਸ਼ਾਹੀਆਂ ਦੇ ਸਮੇਂ ਤੀਕਰ ਤਾਂ ਸਿਖਾਂ ਦਾ ਪਰਉਪਕਾਰ ਅਤੇ ਪਰਮਾਰਥ ਨਿਰਵਿਘਨ ਨਿਭਦਾ ਰਿਹਾ। ਪਰੰਤੂ ਤਦ ਪਸਚਾਤ ਰਾਜ-ਗਰਦੀ ਅਤੇ ਨਾਨਾ ਪ੍ਰਕਾਰ ਦੇ ਜ਼ੋਰ ਜ਼ੁਲਮ ਅਤੇ ਅੰਨ੍ਹੇਰ-ਗਰਦੀ ਦਾ ਦੌਰ ਹੋ ਜਾਣ ਪਰ ਸ੍ਰੀ ਸਤਿਗੁਰੂ ਜੀ ਨੇ ਛੇਵੇਂ ਜਾਮੇ ਤੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਕੇ ਗੁਰਸਿਖਾਂ ਨੂੰ ਯੁਧ ਜੰਗ ਲਈ ਸਨੱਧ-ਬੱਧ ਰੱਖਣਾ ਅਰੰਭ ਕੀਤਾ। ਐਥੋਂ ਤਾਈਂ ਕਿ ਦਸਵਾਂ ਜਾਮਾ ਧਾਰ ਕੇ ਪਰਜਾ ਦੀ ਰਛਿਆ ਲਈ ਸੂਰਬੀਰ ਜੋਧਿਆਂ ਦਾ ਪੰਥ ਪਰਗਟ ਕਰਨ ਹਿਤ ਖੰਡੇ ਦੇ ਅੰਮ੍ਰਿਤ ਦੀ ਪਵਿੱਤਰ ਮਰਯਾਦਾ ਚਲਾ ਕੇ ਗੁਰਸਿਖਾਂ ਵਿਖੇ ਬੀਰ-ਰਸ ਭਰ ਦਿਤਾ।

ਹੁਣ ਇਸ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਜਿਆ ਸਿੱਖ ਉਹ ਸਿੱਖ ਹੈ, ਜੋ ਸਿੱਖੀ ਦੇ ਦਾਇਰੇ ਅੰਦਰ ਆ ਕੇ (ਗੁਰੂ ਕੇ ਭਾਣੇ ਅੰਦਰ ਆ ਕੇ) ਗੁਰਬਾਣੀ ਦੁਆਰਾ ਪ੍ਰਗਟ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾਂ ਨੂੰ ਸਿਰ ਮੱਥੇ ਉਤੇ ਸਵੀਕਾਰ ਕਰਨ ਕਰਕੇ, ਗੁਰੂ ਘਰ ਦਾ, ਗੁਰੂ ਦਾ, ਸਤਿਗੁਰੂ ਗੁਰੂ ਨਾਨਕ ਦੇਵ ਜੀ, ਸਤਿਗੁਰੂ ਸ੍ਰੀ ਦਸਮੇਸ਼ ਜੀ, ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਸਦਵਾਂਦਾ ਹੈ। ਉਹੀ ਸਿੱਖ ਪਰਉਪਕਾਰੀ, ਅਤੇ ਸਨੱਧ-ਬੱਧ ਸ਼ਸਤਰਧਾਰੀ ਹੋਣ ਕਰਕੇ ਸਿੰਘ ਸਦਾਉਂਦਾ ਹੈ। ਉਹੀ ਸਿੱਖ ਖਾਲਸ (ਨਿਰਮਲ) ਪਰਉਪਕਾਰ ਹਿਤ ਪ੍ਰਗਟ ਹੋਇ ਖਾਲਸਾ ਪੰਥ ਦੀ ਇਕ ਅੱਦੁਤੀ ਅਤੇ ਅਕਾਲੀ ਅੰਸ ਹੋਣ ਕਰਕੇ, ਖਾਲਸਾ ਸਦਵਾਂਦਾ ਹੈ। ਜਿਸ ਦੇ ਘਟ ਅੰਦਰ ਸਦਾ ਹੀ ਵਾਹਿਗੁਰੂ ਦੀ ਜਾਗਤ ਜੋਤਿ ਜਗਦੀ ਹੈ, ਸੋਈ ਸਿੱਖ ਸਦੀਵ ਗੁਰੂ ਸਨਮੁਖ ਅਤੇ ਅੰਗ ਸੰਗ ਜਾਨਣ ਵਾਲਾ ਅਤੇ ਕੇਵਲ ਗੁਰੂ ਉੱਤੇ ਹੀ ਤਕੀਆ ਤਾਣ ਰੱਖਣ ਵਾਲਾ ਅਤੇ ਸਰਬ ਸੰਸਾਰ ਤੋਂ ਉਪਰਾਮ ਹੋ ਕੇ ਅਤੇ ਮਾਇਆ ਵਿਚ ਕੰਵਲ ਵਤ ਅਲੇਪ ਰਹਿ ਕੇ, ਕੇਵਲ ਗੁਰੂ ਪਰਾਇਣ ਹੀ ਰਹਿਣ ਵਾਲਾ ਹੋਣ ਕਰਕੇ 'ਗੁਰਮੁਖ ਅਖਵਾਉਂਦਾ ਹੈ। ਸੋਈ ਸਿੱਖ ਆਪਾ ਭਾਵ ਨਿਵਾਰ ਕੇ, ਸਾਧ ਸੰਗਤ ਦੀ ਰੌਣਕਾ ਅਤੇ ਗਰੀਬੀ ਗਦਾ ਬਣਾ ਕੇ, ਅਤੇ ਸੇਵਾ ਨੂੰ ਮੁਖ ਰਖ ਕੇ, ਦਾਸਾਂ ਦਾ ਭੀ ਦਾਸ ਬਣ ਰਹਿਣ ਕਰ ਸੇਵਕ' ਦੀ ਪਦਵੀ ਨੂੰ ਪ੍ਰਾਪਤ ਹੈ। ਇਹ ਨਹੀਂ ਕਿ ਸਿੱਖ ਕੇਵਲ ਕੇਸਧਾਰੀ ਹੋਣ ਕਰ ਸਿੰਘ ਸਦਾਉਂਦਾ ਅਤੇ ਮੋਨਾ ਹੋਣ ਕਰ ਸਹਿਜਧਾਰੀ ਅਖਾਉਂਦਾ ਹੈ। ਇਸ ਬਿਧ ਜੋ 'ਸਿਖ ਪਦ ਦੀ ਵਿਆਖਿਆ ਕਰਦੇ ਹਨ, ਉਹ ਗੁਰੂ ਘਰ ਦੇ ਗੂੜ੍ਹ ਪਰਮਾਰਥੀ ਭੇਦਾਂ ਅਤੇ ਗੁਰਸਿਖੀ ਤੋਂ ਹੀ ਅਗਿਆਤ ਹਨ। ਸਿੱਖ ਕੌਮ ਵਿਖੇ ਸਿੱਖ ਪਦ ਸਬੰਧੀ ਇਸ ਪਰਕਾਰ ਦੀ ਮਨੋ-ਕਲਪਤ ਵਿਆਖਿਆ ਦਵਾਰਾ, ਸਿੱਖ ਕੌਮ ਵਿਖੇ ਸਿਖਾਂ ਦੇ ਵੱਖ-ਵੱਖ ਵਰਣ ਚਿਹਨ ਅਸਥਾਪਣ ਕਰ ਦੇਣੇ ਹਿੰਦੂ ਅਤੇ ਪੂਰਤ ਹਨ। ਕੌਮ ਦੇ ਮੰਨੇ ਹੋਏ ਵਰਨ-ਆਸ਼ਰਮ ਵਾਲੀ ਅਗਿਆਨਤਾ ਪੂਰਤ ਨਕਲ ਹੈ। ਗੁਰੂ ਘਰ ਦੀ ਪੁਰਾਤਨ ਗੁਰਸਿਖ-ਗਾਥਾ ਅਨੁਸਾਰ ਇਕ ਸਿੱਖ ਦੇ ਜੀਵਨ ਵਿਖੇ ਹਿੰਦੂਆਂ ਦੇ ਸਾਰੇ ਅਰਥਾਤ ਚਾਰੇ ਵਰਨਾਂ-ਆਸ਼ਰਮਾਂ ਵਾਲੇ ਗੁਣ ਗੁਫਤ ਅਤੇ ਪੂਰਤ ਹਨ।

ਪਰਮਾਰਥ ਦਾ ਪਾਂਧੀ ਸੰਤ ਭਗਤ ਅਤੇ ਗੁਰਮੁਖ ਬ੍ਰਹਮ-ਵਿਚਾਰੀ ਬ੍ਰਹਮ ਗਿਆਨੀ ਹੋਣ ਕਰਕੇ ਸਿੱਖ ਬ੍ਰਾਹਮਣ ਹੈ, ਸੋਈ ਸਿੱਖ ਪਰਉਪਕਾਰੀ ਸੂਰਬੀਰ ਯੋਧਾ ਹੋਣ ਕਰਕੇ ਛਤਰੀ ਹੈ। ਸੋਈ ਗ੍ਰਹਿਸਤੀ ਅਤੇ ਦਸਾਂ ਨਹੁੰਆਂ ਦੀ ਕਮਾਈ ਕਰਕੇ, ਘਾਲ ਖਾਇ ਕੁਛ ਹੱਥੋਂ ਦੇਣ ਵਾਲਾ ਹੋਣ ਕਰਕੇ ਵੈਸ਼ ਹੈ ਅਤੇ ਸੋਈ ਸਿੱਖ ਸੇਵਾ ਦੇ ਮੰਡਲ ਦਾ ਮੋਹਰੀ ਹੋਣ ਕਰਕੇ ਸ਼ੂਦਰ ਹੈ। ਏਸੇ ਪਰਕਾਰ ਸਿੰਘ, ਖਾਲਸਾ, ਗੁਰਮੁਖ ਅਤੇ ਸੇਵਕ ਵਾਲੇ ਸਾਰੇ ਗੁਣ ਇਕੋ ਸਿੱਖ ਵਿਖੇ ਹੀ ਘਟਦੇ ਹਨ। ਸੋ 'ਸਿਖ ਪਦ' ਦੇ ਪੁਕਾਰਨ ਮਾਤਰ ਵਿਚ ਸਿੰਘ ਖਾਲਸਾ, ਗੁਰਮੁਖ ਅਤੇ ਸੇਵਕ ਆਪੇ ਹੀ ਪੁਕਾਰੇ ਜਾਂਦੇ ਹਨ। ਇਹ ਸਿੱਖ ਪਦ ਦੀ, ਸਿੱਖ ਪਦਵੀ ਦੀ ਗੁਰੂ ਘਰ ਵਿਖੇ ਵਿਲੱਖਣਤਾ ਹੈ।

ਸੋ ਸਿੱਖ ਸਦਾਵਣ ਵਲੋ ਭਰਾਵੋ! ਤੁਸੀਂ ਕਦੇ ਵੀ ਆਪਣੇ ਆਪ ਨੂੰ ਸਿੱਖ ਨਹੀਂ ਸਦਵਾ ਸਕਦੇ, ਜਦ ਤੀਕਰ ਕਿ ਤੁਸੀਂ ਸਤਿਗੁਰੂ ਦਸਮੇਸ਼ ਜੀ ਦੇ ਸਮੇਂ ਪ੍ਰਚਲਤ ਹੋਈ ਪਵਿਤਰ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਿੱਖ ਨਹੀਂ ਬਣ ਜਾਂਦੇ। ਤੁਸਾਂ ਨੂੰ ਭਲੀ ਬਿਧ ਇਹ ਭੇਦ ਪ੍ਰਗਟ ਰਹੇ ਕਿ ਕੇਵਲ ਖੰਡੇ ਦੇ ਅੰਮ੍ਰਿਤ ਦੁਆਰਾ ਸਜੇ ਸਿੰਘ ਹੀ ਸਿੱਖ ਸਦਵਾ ਸਕਦੇ ਹਨ। ਜੋ ਅਜੇ ਤੀਕਰ ਇਸ ਪਵਿਤਰ

ਮਰਯਾਦਾ ਅੰਮ੍ਰਿਤ ਦੁਆਰਾ, ਖੰਡੇ ਦੇ ਅੰਮ੍ਰਿਤ ਦਵਾਰਾ, ਸਿੱਖ ਸਜਾਉਣ ਵਾਲੀ ਮਰਯਾਦਾ ਦੇ ਧਾਰਨ ਕਰਨੋਂ ਢਿੱਲੇ ਹਨ, ਤਾਂ ਉਨ੍ਹਾਂ ਨੂੰ ਸਿੱਖ ਸਦਾਉਣ ਦਾ ਅਧਿਕਾਰ ਹੀ ਕੀ ਹੈ? ਕਿਉਂਕਿ -

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ॥ ਅੰਗ - ੬੦੧*

ਗੁਰੂ ਨਾਨਕ ਦੇਵ ਜੀ ਦਾ ਦਸਵੇਂ ਜਾਮੇ ਅੰਦਰ ਸੰਸਾਰੀਆਂ ਨੂੰ ਸਿੱਖ ਸਜਾਉਣ ਦਾ ਭਾਣਾ ਇਤ ਬਿਧਿ ਵਰਤ ਗਿਆ ਹੈ। ਬਸ, ਜੋ ਪ੍ਰਾਣੀ ਇਸ ਗੁਰੂ ਵਰਤਾਏ ਭਾਣੇ ਦੇ ਅੰਦਰ ਆਵੇਗਾ, ਸੋਈ ਸਿੱਖ ਸਦਾਵੇਗਾ। ਜੋ ਨਹੀਂ ਇਸ ਭਾਣੇ ਅੰਦਰ ਆਵੇਗਾ, ਸੋ ਸਿੱਖ ਨਹੀਂ ਸਦਾਵੇਗਾ, ਕਿਉਂਕਿ ਉਹ ਆਪਣੇ ਭਾਣੇ ਅੰਦਰ ਚਲਣ ਕਰ ਵਿਛੜ ਚੋਟਾਂ ਖਾਏਗਾ। ਉਸ ਦਾ ਇਹ ਕਹਿਣਾ ਕਿ ਮੈਂ ਸਿੱਖ ਸਜਣ ਦੀ ਚਰਣਾਮ੍ਰਿਤ ਵਾਲੀ ਮੂਲ ਮਰਯਾਦਾ ਦਾ ਧਾਰਣੀ ਹੋਣ ਕਰਕੇ ਸਿੱਖ ਹਾਂ, ਨਿਰਾ ਹੀਲਾ ਹਵਾਲਾ ਤੇ ਕੂੜਾਵਾ ਬਹਾਨਾ ਹੈ। ਅਸੀਂ ਪੁਛਦੇ ਹਾਂ ਕਿ ਅਜਿਹੇ ਬਹਾਨਾ-ਸਾਜ਼ ਅਤੇ ਹੀਲਾ-ਸਾਜ਼ ਸਿੱਖ ਨੇ ਚਰਣਾਮਿਤ੍ਰ ਕਿਥੇ ਪਰਾਪਤ ਕੀਤਾ, ਜਦ ਕਿ ਦੇਹਧਾਰੀ ਗੁਰੂ ਦਾ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨਬੇੜ ਚੁਕੇ ਹਨ? ਅਤੇ ਦੇਹਧਾਰੀ ਗੁਰੂ ਬਿਨਾਂ ਚਰਨ ਪਾਹੁਲ ਨਹੀਂ ਪ੍ਰਾਪਤ ਹੋ ਸਕਦੀ। ਤਾਂ ਤੇ ਸਾਫ਼ ਸਿਧ ਹੈ ਕਿ ਉਹ ਸ੍ਰੀ ਦਸਮੇਸ਼ ਜੀ ਦੇ ਥਾਪੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਅਤੇ ਆਕੀ ਹੋ ਕੇ ਅਲਗ ਅਤੇ ਪਰਪੰਚੀ ਦਾ ਪਖੰਡੀ ਦੇਹਧਾਰੀ ਗੁਰੂਆਂ ਦੇ ਉਪਾਸ਼ਕ ਹਨ, ਜੋ ਗੁਰਸਿਖੀ ਤੋਂ ਬੇਮੁਖ ਹੋਣ ਦਾ ਮੁੱਖ ਸਬੂਤ ਹੈ।

ਬੜੇ ਅਸਚਰਜ ਵਾਲੀ ਗੱਲ ਇਹ ਹੈ ਕਿ ਗੁਰੂ ਦੇ ਸਿੱਖ ਗੁਰਸਿਖੀ ਨੂੰ ਅੰਮ੍ਰਿਤ ਮਰਯਾਦਾ ਦਵਾਰਾ ਧਾਰਨ ਕਰ ਚੁਕੇ ਸਿੱਖ ਤਾਂ ਪਤਿਤ ਕਰਮਾਂ ਵਿਚੋਂ ਕਿਸੇ ਇਕ ਕੁਰਹਿਤ ਕਰਨ ਕਰਕੇ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਗੁਰਸਿਖੀ ਤੋਂ ਖ਼ਾਰਜ ਅਤੇ ਪਤਿਤ ਗਰਦਾਨੇ ਜਾਣ, ਪਰ ਗੁਰਸਿਖੀ ਨੂੰ ਧਾਰਨ ਕੀਤੇ ਬਗੈਰ ਜੋ ਪੁਰਸ਼ ਸੁਤੇ ਸਿਧ ਹੀ ਉਕਤ ਪਤਿਤ ਕਰਮਾਂ ਵਿਚੋਂ ਕਿਸੇ ਇਕ ਅੱਧੇ ਕਰਮ ਕਰਕੇ ਪਤਿਤ-ਕਰਮੀ ਹੋਣ, ਉਹ ਖਰੇ ਖਾਸੇ ਸਿਖ, ਬਣੇ ਤਣੇ ਸਿੱਖ ਆਪਣੇ ਆਪ ਨੂੰ ਸਦਾਉਂਦੇ ਫਿਰਨ। ਜੋ ਅੰਮ੍ਰਿਤ ਦੀ ਪਵਿਤਰ ਮਰਯਾਦਾ ਅਨੁਸਾਰ ਕੇਸਾਂ ਦੀ ਕਿਸੇ ਰੂਪ ਵਿਚ ਵੀ ਬੇਅਦਬੀ ਕਰਦੇ ਹਨ ਉਹ ਸਿੱਖੀ ਤੋਂ ਪਤਿਤ, ਪਰ ਜਿਹੜਾ ਉਕਤ ਮਰਯਾਦਾ ਦੁਆਰਾ ਸਿੱਖ ਸਜੇ ਬਿਨਾਂ ਕੇਸਾਂ ਨੂੰ ਨਿਤਾਪ੍ਰਤ ਘਟਾਉਣ ਵਾਲਾ ਮਨੋ-ਧਨੋ ਸਿਰ-ਗੁੰਮ ਜਿਹ-ਅਮਾ ਹੋਵੇ, ਉਹ ਸਾਵਾਂ ਸਿਖ। ਜਿਹੜਾ ਤਾਂ ਅੰਮ੍ਰਿਤ ਛਕ ਕੇ ਨਸ਼ਾ-ਪਾਨ ਕਰ ਲਵੇ ਉਹ ਤਾਂ ਸਿੱਖੀ ਤੋਂ ਪਤਿਤ, ਪਰ ਜਿਹੜਾ ਅੰਮ੍ਰਿਤ ਛਕੇ ਬਿਨਾਂ ਅਤੇ ਮਰਯਾਦਾ ਪੂਰਬਕ ਸਿੱਖੀ ਧਾਰਨ ਕੀਤੇ ਬਿਨਾਂ ਨਸ਼ਾ ਕਰਨ ਵਾਲਾ ਅਤੇ ਸਿਖਿਆ ਦਾ ਪੁੰਜ ਹੋਵੇ, ਉਹ ਤਾਂ ਭੀ ਸਿੱਖ ਦਾ ਸਿਖਰ, ਅਸਚਰਜ ਵਹਿਣ ਵਗਿਆ ਹੋਇਆ ਹੈ ਕਿ ਇਹ ਸਿੱਖੀ ਨੂੰ ਹੀ ਬਸੇਖ ਹੈ ਕਿ ਸਿੱਖ ਸਜ ਕੇ ਹੀ ਉਕਤ ਪਤਿਤ ਕਰਮ ਉਸ ਨੂੰ ਖੂੰਹਦੇ ਹਨ, ਐਵੇਂ ਨਹੀਂ ਇਹ ਅੰਮ੍ਰਿਤ ਛਕਣਾ ਅਤੇ ਸਿਖੀ ਦਾ ਧਾਰਨ ਕਰ ਲੈਣਾ ਨਾ ਹੋਇਆ, ਕੋਈ ਕਸੂਰ ਕਰ ਬੈਠਣਾ ਅਤੇ ਲੀਕ ਲਾ ਬੈਠਣਾ ਹੋਇਆ, ਜਿਸ ਕਰਕੇ ਅੰਮ੍ਰਿਤ ਦੀ ਪਵਿਤ੍ਰ ਮਰਯਾਦਾ ਦੁਆਰਾ ਸਿਖੀ ਧਾਰਨ ਹੀ ਨਾ ਕੀਤੀ ਹੋਵੇ। ਉਹ ਚਾਹੇ ਸਾਰਾ ਤੇ ਮੂਲੋਂ ਮੁਢੋਂ ਹੀ ਪਤਿਤ-ਕਰਮੀ ਹੋਵੇ, ਪਰ ਫੇਰ ਭੀ ਸਿੱਖ ਦਾ ਸਿੱਖ। ਪਤਿਤ ਕਰਮਾਂ ਦਾ ਪੰਜ-ਕਰਮੀ ਭੀ ਉਹ ਪਤਿਤ ਅਖਵਾਉਣ ਦਾ ਭਾਗੀ ਨਹੀਂ। ਕੈਸੀ ਕਮਫਹਿਮੀ (ਕਮ-ਅਕਲੀ) ਹੈ। ਪਤਿਤ-ਕਰਮੀ ਪੁਰਸ਼, ਸਿੱਖ ਸਦਵਾ ਹੀ ਨਹੀਂ ਸਕਦਾ। ਭਾਵੇਂ ਸਿੱਖ ਸਜ ਕੇ ਪਤਿਤ-ਕਰਮੀ ਹੋ ਗਿਆ ਹੋਵੇ, ਭਾਵੇਂ ਤੇ ਪਤਿਤ-ਕਰਮੀ ਹੋਵੇ। ਅਤੇ ਜਿਸ ਨੇ ਸਿਖੀ ਧਾਰਨ ਨਹੀਂ ਕੀਤੀ, ਜੋ ਅਜੇ ਅਸਿੱਖ ਹੈ ਉਹ ਤਾਂ ਹੈ ਹੀ ਪਤਿਤ-ਕਰਮੀ। ਅਸਿੱਖ ਦੇ ਅਰਥ ਹੀ ਪਤਿਤ-ਕਰਮੀ ਦੇ ਹਨ। ਸੁਤੇ ਗਿਆਨ ਤਾਂ ਉਸ ਨੂੰ ਹੋਣੋਂ ਹੀ ਰਿਹਾ। ਨਿਗੁਰਾ, ਗੁਰਮੰਤ੍ਰ ਹੀਣਾ, ਗੁਰਦੀਖਿਆ ਤੋਂ ਊਣਾ ਹੋਣ ਕਰਕੇ ਉਹ ਭਰਿਸ਼ਟ ਕਿਰਿਆ ਵਾਲਾ ਕੁਕਰਮੀ ਪੁਰਸ਼ ਹੈ, ਯਥਾ ਗੁਰਵਾਕ ਹੈ -

*ਗੁਰਮੰਤ੍ਰ ਹੀਣਸ੍ਯ, ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ, ਸੂਕਰਹ, ਗਰਧਭਹ, ਕਾਕਹ, ਸਰਪਨਹ, ਤੁਲਿ ਖਲਹ॥ ਅੰਗ - ੧੩੫੭*

ਵੇਖਿਆ ਗੁਰਬਾਣੀ ਦੁਆਰਾ, ਗੁਰ-ਹੁਕਮਾਂ ਦੁਆਰਾ ਅਸਿੱਖ, ਅਨਾੜੀ, ਨਿਗੁਰੇ ਪੁਰਸ਼ਾਂ ਨੂੰ ਬਿਸ਼ਟਾ-ਖ਼ਰੇ ਪਰ ਪੰਖੀਆਂ ਦੀ ਤੁਲਨਾ ਵਾਲੀ ਪਦਵੀ ਪ੍ਰਾਪਤ ਹੈ। ਏਥੇ ਇਹ ਹੁੱਜਤ ਕਰਨ ਦੀ ਗੁੰਜਾਇਸ਼ ਹੀ ਨਹੀਂ ਕਿ ਕੀ ਅੰਮ੍ਰਿਤ ਛਕੇ ਬਿਨਾ ਪ੍ਰਾਣੀ ਨੂੰ ਗੁਰਮੰਤ੍ਰ ਪ੍ਰਾਪਤ ਨਹੀਂ ਹੋ ਸਕਦਾ, ਜਦ ਕਿ ਅੰਮ੍ਰਿਤ ਛਕੇ ਬਿਨਾ ਸਿੱਖ ਹੀ ਨਹੀਂ ਹੋ ਸਕਦਾ ਅਤੇ ਬਣ ਸਕਦਾ। ਅਤੇ ਅਸਿਖ ਨੂੰ ਗੁਰਮੰਤ੍ਰ ਦੀ ਪ੍ਰਾਪਤੀ ਕਿਥੋਂ, ਜਦ ਤਾਈਂ ਉਹ ਗੁਰੂ ਦਾ ਨਾ ਬਣ ਜਾਵੇ, ਗੁਰੂ ਅਗੇ ਸੀਸ ਭੇਟਾ ਨਾ ਕਰ ਦੇਵੇ ਅਤੇ ਗੁਰੂ ਕੇ ਹੁਕਮ-ਰਜਾਈ ਚਲਣ ਵਾਲਾ ਗੁਰੂ ਦਾ ਹੁਕਮੀ ਬੰਦਾ ਨਾ ਬਣ ਜਾਵੇ। ਅੱਜ ਕਲ੍ਹ ਲੋਕਾਂ ਨੇ ਗੁਰਮੰਤ੍ਰ ਦਾ ਲੈਣਾ ਅਤੇ ਸਿੱਖ ਬਣ

ਬੈਠਣਾ ਇਕ ਮਖੌਲ ਸਮਝ ਛਡਿਆ ਹੈ। ਜੈਸਾ ਕਿ ਬਹੁਤ ਸਾਰੇ ਪਰਪੰਚੀ ਪੁਰਸ਼ਾਂ ਨੇ 'ਕੰਨਾ ਬਾਤੀ ਕੁਰ, ਤੂੰ ਮੇਰਾ ਸਿੱਖ ਤੇ ਮੈਂ ਤੇਰਾ ਗੁਰ' ਵਾਲਾ ਪਰਪੰਚ ਰਚ ਕੇ ਲੋਕਾਂ ਨੂੰ ਆਪਨਾ ਸਿੱਖ ਬਣਾਉਣਾ ਅਤੇ ਮੰਤਰ ਦੇ ਕੇ ਪ੍ਰਚਾਉਣਾ ਇਕ ਖੇਡ ਹੀ ਬਣਾ ਛਡੀ ਹੈ।

ਸਤਿਗੁਰੂ ਗੁਰੂ ਦਸਮੇਸ਼ ਜੀ ਨੇ ਇਹਨਾਂ ਸਰਬ ਪਰ-ਪੰਚੀਆਂ ਅਤੇ ਪਰਪੰਚਾਂ ਦੇ ਸਿਰ ਸੁਆਹ ਪਾ ਕੇ ਅਤੇ ਲੋਕਾਂ ਨੂੰ ਅਜਿਹੇ ਪਰਪੰਚਾਂ ਅਤੇ ਪਰਪੰਚੀਆਂ ਤੋਂ ਬਚਾਏ ਰੱਖਣ ਲਈ ਸਿਖੀ ਧਾਰਨ ਕਰਨ, ਅਰਥਾਤ ਸਿੱਖ ਬਨਣ ਦੀ ਅਤੇ ਗੁਰਮੰਤ੍ਰ ਲੈਣ ਦੀ ਵਿਲੱਖਣ ਮਰਯਾਦਾ ਕਰ ਦਿਤੀ ਹੈ। ਬਸ ਕੇਵਲ, ਏਸ ਮਰਯਾਦਾ ਦੁਆਰਾ ਹੀ ਗੁਰੂ ਦਾ ਸਿੱਖ ਬਣ ਸਕੀਦਾ ਹੈ ਅਤੇ ਏਸੇ ਮਰਯਾਦਾ ਦੁਆਰਾ ਹੀ ਗੁਰੂ-ਮੰਤਰ ਦੀ ਪ੍ਰਾਪਤੀ ਦੇ ਪਾਤਰ ਹੋ ਸਕੀਦਾ ਹੈ। ਨਾ ਕੋਈ ਇਕ ਇਕੇਲਾ ਪਰਪੰਚ ਰਚ ਕੇ ਆਪਣੇ ਆਪ ਨੂੰ ਗੁਰੂ ਸਦਾ ਸਕਦਾ ਹੈ ਨਾ ਹੀ ਕਿਸੇ ਨੂੰ ਆਪਨਾ ਸਿੱਖ ਬਣਾ ਸਕਦਾ ਹੈ, ਨਾ ਹੀ ਉਸ ਇਕ-ਇਕੱਲੇ ਨੂੰ ਮੰਤਰ ਦੇਣ ਦਾ ਅਧਿਕਾਰ ਹੈ, ਨਾ ਹੀ ਉਸ ਪਾਸੀਂ ਲਿਆ ਗੁਰਮੰਤ੍ਰ ਲੈਣ ਵਾਲੇ ਲਈ ਵਲੀ ਕੁਝ ਹੋ ਸਕਦਾ ਹੈ। ਐਸੇ ਲੈਣ ਦੇਣ ਦਾ ਕੂੜਾਵਾ ਸੌਦਾ ਕਰਨ ਵਾਲੇ ਮਨਮੁਖੀ ਅਤੇ ਪਰਪੰਚੀ ਪੁਰਸ਼ਾਂ ਦੇ ਸਮੂਹ ਸੰਗਠਨ ਦਾ ਨਾਉਂ ਭਾਈ ਗੁਰਦਾਸ ਜੀ ਨੇ ਮੀਣਿਆਂ ਦਾ ਨਕਟ-ਪੰਥ ਰੱਖਿਆ ਹੈ।

*(ਸਿੱਖ ਕੌਣ ਹੈ ਟਰੈਕਟ ਵਿਚੋਂ)*

---

## *(ਪੰਨਾ 11 ਦੀ ਬਾਕੀ)*

ਇਮਾਰਤਾਂ ਤੇ ਲਗੇ ਸੋਨੇ ਦੇ ਕਲਸ਼ ਸਾਡੀਆਂ ਨੈਤਿਕ ਕਮਜ਼ੋਰੀਆਂ ਨੂੰ ਲਕੋ ਨ ਸਕੇ। ਸਾਡੇ ਗੁਰਦੁਆਰੇ ਭਾਵੇਂ ਪਕੇ ਅਤੇ ਵੱਡੇ ਹੋ ਗਏ ਹਨ, ਪਰ ਸਿੱਖੀ ਦਾ ਮਹਿਲ ਅੰਦਰੋਂ ਖੁਰਦਾ ਅਤੇ ਸੁੰਗੜਦਾ ਜਾ ਰਿਹਾ ਹੈ। ਵਿਦੇਸ਼ੀ ਗੁਰਦੁਆਰਿਆਂ ਨੂੰ ਵੀ ਡੇਰਾਵਾਦੀ ਰੁਚੀਆਂ ਨੇ ਗ੍ਰਸ ਲਿਆ ਹੈ। ਅੱਜ ਗੁਰਮਤਿ ਗਿਆਨ ਤੋਂ ਕੋਰੇ, ਅਨਪੜ੍ਹ ਸ਼ਰਾਬੀ ਅਤੇ ਪਤਿਤ ਸੱਜਣ ਸਾਡੇ ਪਿਆਰੇ ਗੁਰਧਾਮਾਂ ਦੇ ਸੰਚਾਲਕ ਬਣੇ ਹੋਏ ਹਨ। ਇਹ ਸਾਰੀਆਂ ਡੁੱਬਣ ਦੀਆਂ ਨਿਸ਼ਾਨੀਆਂ ਹਨ। ਅਸੀਂ ਕਿੱਧਰ ਜਾ ਰਹੇ ਹਾਂ, ਸਾਨੂੰ ਕੋਈ ਹੋਰ ਨਹੀਂ, ਪ੍ਰਬੰਧਕੀ ਅਯੋਗਤਾ, ਬਿਨਾਂ ਲੋੜ ਤੋਂ ਗੁਰਦੁਆਰਿਆਂ ਦੀ ਹੋੜ ਵਧਾ ਰਹੀ ਹੈ। ਗੋਲਕ ਦੀ ਫਿਕਰ, ਰਾਗੀਆਂ ਪ੍ਰਚਾਰਕਾਂ ਦੀ ਖਰੀਦੋ ਫਰੋਖਤ, ਸਿੱਖੀ ਦੇ ਸਕੂਲਾਂ ਨੂੰ ਤਬਾਹ ਕਰ ਰਹੀ ਹੈ। ਆਤਮਿਕ ਗਿਆਨ ਅਤੇ ਖਾਲਸਾਈ ਜੀਵਨ ਦੇ ਇਹ ਸਿਖਲਾਈ ਕੇਂਦਰ ਸਾਡੀ ਨਿੱਜੀ ਹੈਂਕੜ ਤੇ ਚੌਧਰ ਦੀ ਲੜਾਈ ਦੇ ਮੈਦਾਨ ਬਣ ਰਹੇ ਹਨ ਅੱਜ ਪੰਥ ਅੰਦਰ ਪੰਥ ਦੀ ਗੱਲ ਕਰਨਾ, ਸੀਸ ਤਲੀ ਤੇ ਧਰਨ ਵਾਂਗ ਪ੍ਰਤੀਤ ਹੋ ਰਿਹਾ ਹੈ। ਅੱਜ ਸਿੱਖ ਧਰਮ ਅੰਦਰ ਲੂਥਰ ਵਰਗੀ ਧਾਰਮਿਕ ਇਨਕਲਾਬ ਦੀ ਲੋੜ ਹੈ।

ਕੋਈ ਸਮਾਂ ਸੀ ਜਦੋਂ ਸਚਾਈ ਇਮਾਨਦਾਰੀ ਅਤੇ ਸਿੱਖੀ ਇਕੋ ਆਦਰਸ਼ ਦਾ ਨਾਂ ਸੀ ਅਤੇ ਸਾਧਾਰਨ ਸਿੱਖ ਦੀ ਗਵਾਹੀ ਤੇ ਜੱਜ ਆਪਣਾ ਫ਼ੈਸਲਾ ਬਦਲ ਲੈਂਦਾ ਸੀ। ਅੱਜ ਕਿਸੇ ਇੱਕ ਅੰਮ੍ਰਿਤਧਾਰੀ ਸਿੱਖ ਦੀ ਗੱਲ ਨਹੀਂ ਅੱਜ ਤਾਂ ਸਾਡੇ ਧਾਰਮਿਕ ਰਹਿਬਰਾਂ ਤੇ ਵੀ ਇਤਬਾਰ ਨਹੀਂ ਰਿਹਾ। ਅੰਮ੍ਰਿਤ ਛਕਣ ਵੇਲੇ ਸਾਨੂੰ ਝੂਠ ਬੋਲਣ ਦੀ ਛੋਟ ਨਹੀਂ ਦਿੱਤੀ ਗਈ ਸੀ। ਅਸੀਂ ਤਾਂ ਅੰਮ੍ਰਿਤ ਦੀ ਤੌਹੀਨ ਕਰ ਰਹੇ ਹਾਂ, ਇਹ ਤਾਂ ਸ਼ੌਕ ਅਤੇ ਪ੍ਰੇਮ ਦਾ ਸੌਦਾ ਹੈ। ਜਬਰਦਸਤੀ ਜਾਂ ਮਜ਼ਬੂਰੀ ਦਾ ਨਹੀਂ। ਪ੍ਰਚਾਰ ਪਿਆਰ ਨਾਲ ਹੁੰਦਾ ਹੈ, ਤਲਵਾਰ ਨਾਲ ਨਹੀਂ ਅਸਲ ਵਿੱਚ ਤਾਂ ਗੁਰਬਾਣੀ ਅਨੁਸਾਰ ਸੱਚੇ ਸੁੱਚੇ ਜੀਵਨ ਦਾ ਹੀ ਦੂਜਾ ਨਾਮ ਅੰਮ੍ਰਿਤ ਹੈ।

ਅੱਜ ਅਸੀਂ ਆਪਣੇ ਅੰਮ੍ਰਿਤ ਮਈ ਖਾਲਸਈ ਜੀਵਨ ਸਿਧਾਂਤ ਅਤੇ ਸਭਿਆਚਾਰ ਨਾਲੋਂ ਟੁੱਟ ਰਹੇ ਹਾਂ। ਸਾਡੇ ਕੋਲੋਂ ਸਿੰਘਾਂ ਵਾਲਾ ਖਾਲਸਾਈ ਕਿਰਦਾਰ ਅਲੋਪ ਹੋਈ ਜਾ ਰਿਹਾ ਹੈ। ਪੱਛਮੀ ਸਭਿਆਚਾਰ ਫੈਸ਼ਨ ਅਤੇ ਨਸ਼ਿਆਂ ਦੀ ਲਪੇਟ ਵਿਚ ਸਾਡੀ ਸਿਰਦਾਰੀ ਦਾ ਚਿੰਨ ਕੇਸ ਅਤੇ ਦਸਤਾਰ ਅਸੀਂ ਆਪਣੇ ਆਪ ਉਤਾਰੀ ਜਾ ਰਹੇ ਹਾਂ। ਇਸੇ ਕਰਕੇ ਸਾਡੇ ਬੱਚੇ ਖਾਲਸਾਈ ਸਭਿਆਚਾਰ ਅਤੇ ਸਾਡੇ ਕੋਲੋਂ ਬਾਗੀ ਹੋ ਰਹੇ ਹਨ। ਤਿੰਨ ਸੌ ਸਾਲਾ ਸਾਜਨਾ ਦਿਵਸ ਸਾਡੀ ਸਵੈ-ਪੜਚੋਲ ਦਾ ਸਮਾਂ ਹੈ। ਆਉ ਇੱਕ ਵਾਰ ਫੇਰ :

***ਹੋਇ ਇਕਤ੍ਰ ਮਿਲਹੁ ਮੇਰੇ ਭਾਈ***
***ਦੁਬਿਧਾ ਦੂਰਿ ਕਰਹੁ ਲਿਵ ਲਾਇ।***
***ਹਰਿ ਨਾਮੈ ਕੇ ਹੋਵਹੁ ਜੋੜੀ***
***ਗੁਰਮੁਖਿ ਬੈਸਹੁ ਸਫਾ ਵਿਛਾਇ॥***
***ਇਨ੍ ਬਿਧਿ ਪਾਸਾ ਢਾਲਹੁ ਬੀਰ॥ ਅੰਗ - ੧੧੮੫***

ਅਤੇ 'ਪ੍ਰਿਥਮੇ ਰਹਿਤ ਜਿਹ ਜਾਨ ਖੰਡੇ ਕੀ ਪਹੁਲ ਛਕੇ' ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਨਵੇਂ ਸਿਰ ਤੋਂ ਖਾਲਸਾਈ ਜੀਵਨ ਸ਼ੁਰੂ ਕਰੀਏ।

# ਅਨੋਖੀ ਵਿਸਾਖੀ

*[ਭਾਈ ਨਰੈਣ ਸਿੰਘ ਜੀ]*

ਸੰਨ ੧੬੯੯ ਈਸਵੀ ਦੀ ਗੱਲ ਹੈ। ਵਿਸਾਖੀ ਦਾ ਦਿਨ ਸੀ। ਅਨੰਦਪੁਰ ਸਾਹਿਬ ਅੰਦਰ ਦੇਸ਼ਾਂ ਪਰਦੇਸਾਂ ਤੋਂ ਆਏ ਗੁਰੂ ਕੇ ਸਿਖ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਸਨ। ਬੜਾ ਭਾਰਾ ਦੀਵਾਨ ਲਗ ਰਿਹਾ ਸੀ ਕਿ ਅਚਾਨਕ ਗੁਰੂ ਗੋਬਿੰਦ ਸਿੰਘ ਜੀ ਇਸ ਥਾਉਂ ਦੇ ਪਾਸ ਹੀ ਲਗੇ ਇਕ ਤੰਬੂ ਵਿਚੋਂ ਨੰਗੀ ਤਲਵਾਰ ਹੱਥ ਵਿਚ ਘੁਮਾਉਂਦੇ ਹੋਏ ਨਿਕਲੇ। ਗੁਰੂ ਜੀ ਦੀ ਉਮਰ ਦਾ ਉਸ ਵੇਲੇ ਭਰ ਜੋਬਨ ਸੀ, ਉਨ੍ਹਾਂ ਦੇ ਚੇਹਰੇ ਦਾ ਜਲਾਲ ਵੈਸੇ ਹੀ ਸਹਾਰਿਆ ਨਹੀਂ ਜਾਂਦਾ ਸੀ, ਪ੍ਰੰਤੂ ਜਿਸ ਰੂਪ ਅੰਦਰ ਅੱਜ ਆਪ ਸਿਖਾਂ ਦੇ ਸਾਹ੍ਮਣੇ ਆਏ, ਉਸ ਦੇ ਅੰਦਰ ਭੈ ਅਤੇ ਰੋਹਬ ਦਾ ਏਨਾ ਪ੍ਰਭਾਵ ਸੀ ਕਿ ਉਨ੍ਹਾਂ ਵੱਲ ਨਜ਼ਰ ਭਰ ਕੇ ਵੇਖਣਾ ਭੀ ਕਠਨ ਸੀ। ਗੁਰੂ ਜੀ ਆਪਣੀ ਅਜਿਹੀ ਦਸ਼ਾ ਅੰਦਰ ਦੀਵਾਨ ਦੇ ਵਿਚਾਲੇ ਆ ਕੇ ਖੜੇ ਹੋ ਗਏ ਅਤੇ ਉਚੀ ਆਵਾਜ਼ ਵਿਚ ਕਿਹਾ, ਮੈਨੂੰ ਅੱਜ ਸਿੱਖ ਦਾ ਸਿਰ ਚਾਹੀਦਾ ਹੈ। ਕੋਈ ਹੈ ਜੋ ਮੇਰੀ ਇਸ ਤਲਵਾਰ ਹੇਠ ਆਪਣਾ ਸਿਰ ਰੱਖੇ?

ਇਹ ਬੜੀ ਅਨੋਖੀ ਤੇ ਅਸਚਰਜ ਮੰਗ ਸੀ। ਸਭ ਲੋਕ ਠਠੰਬਰ ਗਏ। ਸਾਰੇ ਦੀਵਾਨ ਵਿਚ ਸੱਨਾਟਾ ਛਾ ਗਿਆ, ਲੋਕੀ ਇਤਨੇ ਸਹਿਮੇ ’ਤੇ ਭੈ-ਭੀਤ ਹੋਏ ਕਿ ਸਿਰ ਉਚਾ ਕਰਿ, ਗੁਰੂ ਜੀ ਵੱਲ ਵੇਖ ਭੀ ਨਾ ਸਕੇ। ਗੁਰੂ ਜੀ ਨੇ ਇਕ ਵੇਰ ਫੇਰ ਆਵਾਜ਼ ਦਿੱਤੀ ਕੀ ਮੇਰਾ ਕੋਈ ਸਿਖ ਨਹੀਂ ਜੋ ਆਪਣੇ ਖ਼ੂਨ ਨਾਲ ਅਜ ਮੇਰੀ ਤਿਹਾਈ ਤਲਵਾਰ ਦੀ ਪਿਆਸ ਬੁਝਾਵੇ?

ਹੁਣ ਸੰਗਤ ਵਿਚੋਂ ਇਕ ਮੱਨੁਖ ਉੱਠਿਆ। ਇਸ ਦਾ ਨਾਉਂ ਦਇਆ ਰਾਮ ਤੇ ਇਹ ਲਾਹੌਰ ਦਾ ਰਹਿਣ ਵਾਲਾ ਖੱਤਰੀ ਸੀ। ਇਸ ਹੱਥ ਜੋੜੇ ਹੋਏ ਅਤੇ ਸਿਰ ਝੁਕਾਇਆ ਹੋਇਆ ਸੀ। ਉਹ ਬੋਲਿਆ, ਸਚੇ ਪਾਤਸ਼ਾਹ! ਦਾਸ ਹਾਜ਼ਰ ਹੈ, ਜੇਕਰ ਆਪ ਦੀ ਤਲਵਾਰ ਇਸ ਦੇ ਸੀਸ ਤੇ ਚਲੇ ਤਾਂ ਇਸ ਦੇ ਧੰਨ ਭਾਗ ਹੋਣਗੇ। ਗੁਰੂ ਜੀ ਉਸ ਨੂੰ ਬਾਹੋਂ ਪਕੜ ਉਸ ਤੰਬੂ ਦੇ ਅੰਦਰ ਲੈ ਗਏ ਜਿਥੋਂ ਨਿਕਲ ਕੇ ਆਪ ਦੀਵਾਨ ਵਿਚ ਆਏ ਸਨ।

ਹੁਣ ਅੰਦਰੋਂ ਇਕ ਜ਼ੋਰ ਦੇ ਝਟਕੇ ਦੀ ਆਵਾਜ਼ ਆਈ, ਤੰਬੂ ਹੇਠੋਂ ਖ਼ੂਨ ਵਹਿ ਨਿਕਲਿਆ ਅਤੇ ਉਸੇ ਪਲ ਗੁਰੂ ਜੀ ਲਹੂ ਭਰੀ ਤਲਵਾਰ ਹੱਥ ਵਿਚ ਲਈ ਫਿਰ ਬਾਹਰ ਆਏ। ਆਪ ਦੇ ਚੇਹਰੇ ਤੇ ਪਹਿਲੇ ਤੋਂ ਭੀ ਜ਼ਿਆਦਾ ਜਲਾਲ ਸੀ ਅਤੇ ਹੋਰ ਵਧੇਰੇ ਰੋਹ ਭਰੀ ਆਵਾਜ਼ ਵਿਚ ਆਪ ਨੇ ਮੁੜ ਕਿਹਾ, ਇਕ ਹੋਰ ਸਿਖ ਦੇ ਸਿਰ ਦੀ ਲੋੜ ਹੈ। ਇਸ ਭਿਆਨਕ ਦ੍ਰਿਸ਼ ਅਤੇ ਹੋਰ ਸਿਰ ਦੀ ਮੰਗ ਨੇ ਲੋਕਾਂ ਨੂੰ ਬਹੁਤਾ ਹੀ ਭੈ-ਭੀਤ ਕਰ ਦਿੱਤਾ ਅਤੇ ਲਗੇ ਇਕ ਦੂਸਰੇ ਦਾ ਉਹਲਾ ਤੱਕਣ ਤੇ ਆਪਣਾ ਆਪ ਲੁਕਾਉਣ। ਪਰ ਇਨ੍ਹਾਂ ਵਿਚ ਹੀ ਇਕ ਹੋਰ ਮਨੁੱਖ ਉਠ ਖੜਾ ਹੋਇਆ ਅਤੇ ਉਸ ਨੇ ਆਪਣਾ ਸਿਰ ਗੁਰੂ ਜੀ ਦੇ ਸਾਮਣੇ ਝੁਕਾ ਦਿੱਤਾ। ਇਸ ਦਾ ਨਾਉਂ ਧਰਮ ਦਾਸ ’ਤੇ ਇਹ ਹਸਤਨਾਪੁਰ ਦਾ ਰਹਿਣ ਵਾਲਾ ਜੱਟ ਸੀ। ਗੁਰੂ ਜੀ ਇਸ ਨੂੰ ਭੀ ਪਹਿਲੇ ਦੀ ਤਰ੍ਹਾਂ ਤੰਬੂ ਦੇ ਅੰਦਰ ਲੈ ਗਏ। ਇਕ ਹੋਰ ਝਟਕੇ ਦੀ ਆਵਾਜ਼ ਆਈ, ਖ਼ੂਨ ਦਾ ਹੋਰ ਤਾਜ਼ਾ ਰੇਹੜ ਵਹਿ ਨਿਕਲਿਆ ਅਤੇ ਗੁਰੂ ਜੀ ਓਹੀ ਲਹੂ ਟਪਕਦੀ ਤਲਵਾਰ ਹੱਥ ਵਿਚ ਲਈ ਮੁੜ ਨਿਕਲੇ ਅਤੇ ਫਿਰ ਹੋਰ ਸਿਰ ਦੀ ਮੰਗ ਦੁਹਰਾਈ। ਡਰੇ ਹੋਏ ਲੋਕ ਹੁਣ ਹਉਲੀ ਹਉਲੀ ਦੀਵਾਨ ਵਿਚੋਂ ਖਿਸਕਣੇ ਸ਼ੁਰੂ ਹੋ ਗਏ ਅਤੇ ਆਪੋ ਵਿਚ ਕਹਿਣ ਲਗੇ, ਪਤਾ ਨਹੀਂ ਗੁਰੂ ਜੀ ਨੂੰ ਕੀ ਹੋ ਗਿਆ ਹੈ, ਇਹ ਆਪਣੇ ਸਿੱਖਾਂ ਨੂੰ ਆਪ ਹੀ ਮਾਰਨ ਲਗ ਗਏ ਹਨ, ਆਦਿ। ਦੀਵਾਨ ਅੰਦਰ ਭਾਵੇਂ ਬਹੁਤ ਘਬਰਾਹਟ ਫੈਲ ਗਈ ਸੀ ਪ੍ਰੰਤੂ ਇਸ ਤੀਜੀ ਵਾਰ ਦੀ ਆਵਾਜ਼ ਤੇ ਮੁੜ ਇਕ ਸਿੱਖ ਉਠਿਆ, ਜਿਸ ਨੇ ਪਹਿਲੇ ਦੋਵਾਂ ਵਾਂਗ ਹੀ ਸਿਰ ਪੇਸ਼

ਕੀਤਾ। ਇਸ ਦਾ ਨਾਉਂ ਹਿੰਮਤ ਚੰਦ, ਤੇ ਇਹ ਜਗਨਨਾਥਪੁਰੀ ਦੇ ਰਹਿਣ ਵਾਲਾ ਝੀਊਰ ਸੀ। ਇਸ ਨਾਲ ਭੀ ਓਹੋ ਸਲੂਕ ਹੋਇਆ। ਤੰਬੂ ਦੇ ਅੰਦਰੋਂ ਓਹੋ ਅਵਾਜ਼, ਓਹੋ ਖੂਨ ਦੇ ਵਹਿਣ ਵਗੇ, ਪਰ ਹਾਲਾਂ ਬਸ ਨਹੀਂ। ਗੁਰੂ ਜੀ ਦੀ ਲਹੂ-ਲੁਹਾਨ ਤਲਵਾਰ ਮੁੜ ਉਸੇ ਤਰ੍ਹਾਂ ਘੁੰਮਦੀ ਲੋਕਾਂ ਨੇ ਤਕੀ ਅਤੇ ਹੁਣ ਤਾਂ ਖੁਲ੍ਹੇ ਤੌਰ ਤੇ ਕਈਆਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰੂ ਜੀ ਦੀਵਾਨੇ ਹੋ ਗਏ ਹਨ। ਕਈਆਂ ਨੇ ਮਾਤਾ ਜੀ ਪਾਸ ਗੁਰੂ ਜੀ ਦੇ ਇਸ ਕਰਤੱਵ ਦੀ ਸ਼ਿਕਾਇਤ ਜਾ ਕੀਤੀ। ਪ੍ਰੰਤੂ ਗੁਰੂ ਸਾਹਿਬ ਨੇ ਫਿਰ ਸਿਖਾਂ ਤਾਈਂ ਵੰਗਾਰਿਆ ਅਤੇ ਹੋਰ ਸਿਰ ਭੇਟ ਕਰਨ ਲਈ ਸੱਦਾ ਦਿੱਤਾ।

ਭਾਵੇਂ ਸੰਗਤ ਅੰਦਰ ਬਹੁਤ ਡਰ ਛਾ ਚੁਕਾ ਸੀ ਅਤੇ ਇਹ ਪ੍ਰਤੀਤ ਹੁੰਦਾ ਸੀ ਕਿ ਹੁਣ ਕੋਈ ਆਦਮੀ ਨਹੀਂ ਉੱਠੇਗਾ, ਪ੍ਰੰਤ ਫਿਰ ਭੀ ਇਕ ਸਿੱਖ ਉਠਿਆ, ਜਿਸ ਨੇ ਅਤਿ ਧਰੀਕੀ ਤੇ ਨਿਮਰਤਾ ਨਾਲ ਆਪਣਾ ਆਪ ਪੇਸ਼ ਕਰਦੇ ਹੋਏ ਕਿਹਾ ਕਿ ਸਚੇ ਪਾਤਸ਼ਾਹ, ਇਹ ਸਿਰ ਤਾਂ ਆਪ ਦਾ ਹੀ ਹੈ, ਜਦੋਂ ਅਤੇ ਜਿਵੇਂ ਚਾਹੋ ਇਸ ਨੂੰ ਵਰਤੋ। ਇਸ ਦਾ ਨਾਮ ਮੁਹਕਮ ਚੰਦ ਅਤੇ ਇਹ ਦੁਆਰਕਾ ਦਾ ਰਹਿਣ ਵਾਲਾ ਛੀਂਬਾ ਸੀ।

ਗੁਰੂ ਜੀ ਸਿਖ ਦੇ ਇਸ ਬਚਨ ਤੇ ਪ੍ਰਸੰਨ ਹੋਏ, ਪ੍ਰੰਤੂ ਇਸਨੂੰ ਭੀ ਪਹਿਲਿਆਂ ਵਾਂਗ ਹੀ ਤੰਬੂ ਦੇ ਅੰਦਰ ਲੈ ਗਏ। ਉਹੀ ਭਾਣਾ ਵਰਤਾਇਆ, ਜੋ ਪਹਿਲੋਂ ਵਰਤਿਆ ਸੀ। ਤੰਬੂ ਵਿਚੋਂ ਦੀ ਆਵਾਜ਼ ਅਤੇ ਗੁਰੂ ਜੀ ਦੀ ਤਲਵਾਰ ਤੋਂ ਵਗ ਰਹੇ ਖੂਨ ਦੇ ਦ੍ਰਿਸ਼ ਬਹੁਤ ਭਿਆਨਕ ਸਨ, ਪਰ ਇਨ੍ਹਾਂ ਤੋਂ ਭੀ ਜ਼ਿਆਦਾ ਭੈ-ਭੀਤ ਕਰਨ ਵਾਲੀ ਗੁਰੂ ਜੀ ਦੀ ਪੰਜਵੀਂ ਵੇਰ ਸਿਰ ਮੰਗਣ ਦੀ ਗਰਜਵੀਂ ਲਲਕਾਰ ਸੀ, ਜਿਸ ਨੂੰ ਸੁਣ ਕੇ ਕੱਚੇ ਪਿੱਲੇ ਲੋਕ ਦੀਵਾਨ ਤੋਂ ਪਤਰਾ ਵਾਚ ਗਏ ਅਤੇ ਗੁਰੂ ਜੀ ਦੇ ਬਾਰੇ ਜੋ ਕੁਝ ਕਿਸੇ ਦੇ ਮੂੰਹ ਆਇਆ, ਕਹੀ ਗਿਆ। ਭੈ ਇਤਨਾ ਛਾ ਚੁਕਾ ਸੀ ਕਿ ਖ਼ਿਆਲ ਸੀ ਕਿ ਹੁਣ ਤਾਂ ਸ਼ਾਇਦ ਕੋਈ ਆਜ਼ਮੀ ਸਿਰ ਦੇਣ ਲਈ ਨਹੀਂ ਉਠੇਗਾ। ਪਰ ਇਕ ਬੰਨਿਓਂ ਇਕ ਹੋਰ ਸਿਖ ਉਠਿਆ ਅਤੇ ਬੜੀ ਨਿਰਮਾਣਤਾ ਨਾਲ 'ਤੇਰਾ ਕੁਝ ਕਉ ਸਉਪਤੇ ਕਿਆ ਲਾਗੈ ਮੇਰਾ (੧੩੭੫) ਕਹਿੰਦੇ ਹੋਏ ਸਿਰ ਨੀਵਾਂ ਕਰ ਦਿਤਾ। ਇਸ ਦਾ ਨਾਮ ਸਾਹਿਬ ਚੰਦ ਸੀ ਅਤੇ ਇਹ ਬਿਦਰ ਦਾ ਵਸਨੀਕ, ਨਾਈ ਜਾਤੀ ਵਿਚੋਂ ਸੀ। ਗੁਰੂ ਜੀ ਇਸ ਨੂੰ ਭੀ ਤੰਬੂ ਅੰਦਰ ਲੈ ਗਏ। ਝਟਕੇ ਦੀ ਆਵਾਜ਼ ਪਹਿਲਾਂ ਨਾਲੋਂ ਭੀ ਜ਼ੋਰ ਦੀ ਹੋਈ ਅਤੇ ਖੂਨ ਦੇ ਨਾਲੇ ਵਹਿ ਤੁਰੇ।

ਹੁਣ ਕੁਝ ਸਮਾਂ ਗੁਰੂ ਜੀ ਤੰਬੂ ਤੋਂ ਬਾਹਰ ਨਹੀਂ ਆਏ। ਅੰਦਰ ਜੋ ਖੇਡਾਂ ਆਪ ਨੇ ਖੇਡੀਆਂ ਅਤੇ ਜੋ ਭਾਣੇ ਵਰਤਾਏ, ਇਨ੍ਹਾਂ ਨੂੰ ਉਹ ਆਪ ਹੀ ਜਾਣਦੇ ਹਨ। ਜਦੋਂ ਗੁਰੂ ਜੀ ਦੇ ਸੰਗਤਾਂ ਨੂੰ ਮੁੜ ਦਰਸ਼ਨ ਹੋਏ ਤਾਂ ਅਤਿ ਸੁੰਦਰ ਕੇਸਰੀ ਬਾਣੇ ਅੰਦਰ ਜਿਗ੍ਹਾ ਕਲਗੀ ਸਮੇਤ, ਸ਼ਸਤਰ-ਧਾਰੀ, ਮਹਾਂ ਬਲੀ ਸੂਰਮੇ ਰੱਖੀ ਜਾਹੋ ਜਲਾਲ ਵਾਲੇ ਗੁਰੂ ਨਾਨਕ ਦੇਵ ਗੋਬਿੰਦ ਰੂਪ ਦਿਖਾਈ ਦੇਂਦੇ ਹਨ। ਆਪ ਦੇ ਪਿਛੇ ਉਹ ਪੰਜ ਸਿਖ, ਜਿਨ੍ਹਾਂ ਨੂੰ ਆਪ ਵਾਰੀ ਵਾਰੀ ਅੰਦਰ ਲੈ ਗਏ ਸਨ, ਉਨ੍ਹਾਂ ਵਾਲੇ ਕੇਸਰੀ ਥਾਣੇ ਅੰਦਰ ਤੇ ਸ਼ਸਤਰ-ਧਾਰੀ ਗੁਰਮੁਖੀ ਦ੍ਰਿਸ਼ ਪੇਸ਼ ਕਰ ਰਹੇ ਹਨ।

ਪਹਿਲਾ ਮੌਤ ਵਾਲਾ ਭਿਆਨਕ ਦ੍ਰਿਸ਼ ਚਾਵਾਂ ਮਲ੍ਹਾਰਾਂ ਵਾਲੇ ਕੇਸਰੀ ਰੂਪ ਅੰਦਰ ਪਲਟਿਆ ਵੇਖ ਘਬਰਾਏ ਹੋਏ ਲੋਕਾਂ ਅੰਦਰ ਮੁੜ ਜਾਨ ਪਈ ਅਤੇ ਜਿਉਂ ਜਿਉਂ ਇਸ ਦਾ ਪਤਾ ਲਗਦਾ ਗਿਆ, ਜੋ ਲੋਕ ਦੀਵਾਨ ਨੂੰ ਛੱਡ ਨੱਠੇ ਸਨ, ਵਾਪਸ ਆਉਣੇ ਸ਼ੁਰੂ ਹੋ ਗਏ ਤੇ ਦੀਵਾਨ-ਅਸਥਾਨ ਵਿਚ ਮੁੜ ਪਹਿਲਾਂ ਵਾਂਗ ਹੀ ਗਹਿਮਾ ਰਹਿਮ ਹੋ ਗਈ।

ਹੁਣ ਗੁਰੂ ਜੀ ਨੇ ਇਕ ਲੋਹੇ ਦਾ ਬਾਟਾ ਤੇ ਖੰਡਾ ਲਿਆ। ਬਾਟੇ ਵਿਚ ਕੁਝ ਜਲ ਪਾਇਆ ਅਤੇ ਇਸ ਵਿਚ ਖੰਡਾ ਫੇਰਦੇ ਹੋਏ ਅਕਾਲੀ ਬਾਣੀ ਜਪੁਜੀ ਸਾਹਿਬ, ਜਾਪ ਸਾਹਿਬ, ਸੁਧਾ ਸਵਈਏ, ਚੌਪਈ ਅਤੇ ਅਨੰਦ ਸਾਹਿਬ ਦਾ ਸੁਰੀਲੇ ਸ਼ਬਦਾਂ ਅੰਦਰ ਉਚਾਰਨ ਕੀਤਾ। ਮਾਤਾ ਸਾਹਿਬ ਦੇਵਾਂ ਜੀ ਨੇ ਗੁਰਬਾਣੀ ਨਾਲ ਅਮਰ ਕੀਤੇ ਬਾਣੇ ਵਾਲੇ ਜਲ ਵਿਚ ਪਤਾਸੇ ਪਾ ਕੇ ਇਸ ਨੂੰ ਦੈਵੀ ਮਿਠਾਸ ਦਾ ਗੁਣ ਬਖਸ਼ਿਆ ਅਤੇ ਇਸ ਤਰ੍ਹਾਂ ਅਮ੍ਰਿਤ ਤਿਆਰ ਹੋਇਆ, ਜੋ ਗੁਰੂ ਜੀ ਨੇ ਆਪਣੀ ਹਥੀਂ ਉਨ੍ਹਾਂ ਪੰਜਾਂ ਸਿਖਾਂ ਨੂੰ ਜਿਨ੍ਹਾਂ ਆਪਣੇ ਸੀਸ ਗੁਰੂ ਜੀ ਦੀ ਭੇਟ ਕੀਤੇ ਸਨ, ਛਕਾਇਆ। ਅੰਮ੍ਰਿਤ ਦੇ ਹਰ ਚੁਲੇ ਨਾਲ ਗੁਰੂ ਜੀ ਬੋਲਦੇ, 'ਕਹੁ ਵਾਹਿਗੁਰੂ ਜੀ ਦਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ ਅਤੇ ਅੰਮ੍ਰਿਤ ਛਕਣ ਵਾਲਾ ਸਿੱਖ ਗੱਜ ਕੇ ਕਹਿੰਦਾ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ। ਇਉਂ ਇਸ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਛਕਾਉਂਦੇ ਹੋਏ ਗੁਰੂ ਜੀ ਨੇ ਇਨ੍ਹਾਂ ਦਾ ਨਾਮ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ ਅਤੇ ਸਾਹਿਬ ਸਿੰਘ ਰੱਖਿਆ ਅਤੇ ਜਿਹਨਾਂ ਨੂੰ ਪੰਜ ਪਿਆਰ ਕਹਿੰਦੇ ਹੋ, ਇਉਂ ਸੰਬੋਧਨ ਕੀਤਾ :

ਸੰਸਾਰ ਅੰਦਰ ਜਿੰਦ ਸਭ ਤੋਂ ਪਿਆਰੀ ਚੀਜ਼ ਹੈ

ਅਤੇ ਮੌਤ ਸਭ ਤੋਂ ਡਰਾਉਣੀ, ਪਰ ਤੁਸੀਂ ਆਪਣੇ ਆਪਣੇ ਸੀਸ ਗੁਰੂ ਦ ਭੇਂਟ ਕਰਕੇ ਸਾਬਤ ਕਰ ਦਿਤਾ ਹੈ ਕਿ ਤੁਹਾਡੇ ਅੰਦਰ ਨਾ ਮੌਤ ਦਾ ਕੋਈ ਡਰ ਹੈ ਅਤੇ ਨਾ ਜਾਨ ਦਾ ਪਿਆਰ। ਤੁਹਾਨੂੰ ਗੁਰੂ ਦੀ ਆਗਿਆ ਪਾਲਣ ਤੋਂ ਹੁਣ ਕੌਣ ਰੋਕ ਸਕਦਾ ਹੈ? ਆਪਣੇ ਇਸ਼ਟ-ਗੁਰੂ ਦੇ ਹੁਕਮ ਅੰਦਰ ਰਹਿੰਦੇ ਹੋਏ ਦੁਨੀਆ ਦੇ ਸਾਰੇ ਡਰਾਂ ਵਲੋਂ ਨਿਰਭੈ ਹੋ ਜਾਣਾ ਮਨੁਖ ਦਾ ਸਭ ਤੋਂ ਸ੍ਰੇਸ਼ਟ ਗੁਣ ਹੈ, ਜੋ ਤੁਸੀਂ ਪਾਇਆ ਹੈ, ਜਿਸ ਲਈ ਮੈਂ ਤੁਸਾਡੇ ਪਰ ਬਹੁਤ ਖ਼ੁਸ਼ ਹਾਂ। ਜਦ ਤੁਸੀਂ ਆਪਣਾ ਆਪ ਇਸ਼ਟ-ਗੁਰੂ ਦੀ ਤਲਵਾਰ ਦੇ ਭੇਟ ਕਰ ਦਿੱਤਾ ਤਾਂ ਤੁਹਾਡੇ ਪਿਛਲੇ ਜਨਮ ਦੇ ਸਾਰੇ ਕਰਮ ਧਰਮ, ਜਾਤ ਪਾਤ, ਨਾਮ ਤੇ ਵਰਨ ਖ਼ਤਮ ਹੋ ਗਏ ਅਤੇ ਹੁਣ ਤੁਹਾਡਾ ਨਵਾਂ ਜਨਮ ਗੁਰੂ ਨਾਨਕ ਦੇ ਘਰ ਹੋਇਆ ਹੈ, ਜਿਸ ਘਰ ਨੂੰ ਅਕਾਲ ਪੁਰਖ ਗੁਰਦੇਵ ਵਲੋਂ ਇਹ ਸੌਂਪਣਾ ਕੀਤੀ ਗਈ ਹੈ ਕਿ –

*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸ਼ਟ ਦੋਖੀਅਨ ਪਕਰਿ ਪਛਾਰੋ॥੪੨॥ ਬਚਿਤ੍ਰ ਨਾਟਕ*

ਸੋ ਸੰਸਾਰ ਅੰਦਰ ਧਰਮ ਨੂੰ ਪ੍ਰਚੁਰ ਕਰਨ ਅਤੇ ਧਰਮ ਦੇ ਦੋਖੀਆਂ ਨੂੰ ਪਛਾੜਨਾ ਤੁਹਾਡੇ ਜੀਵਨ ਦਾ ਅਸਲ ਮਨੋਰਥ ਹੈ।

*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥੪੩॥ ਅਧਿ: ੬*

ਹੁਣ ਮੈਂ ਤੁਸਾਨੂੰ ਆਪਣੇ ਰੂਪ ਵਿਚ ਢਾਲਿਆ ਹੈ। ਤੁਸੀਂ ਅੱਜ ਤੋਂ ਮੇਰਾ ਰੂਪ ਹੋਏ ਹੋ, ਮੇਰਾ ਰੂਪ ਤੁਹਾਡਾ ਰੂਪ ਹੈ, ਮੇਰਾ ਕਰਮ ਤੁਹਾਡਾ ਕਰਮ ਮੇਰਾ ਧਰਮ, ਮੇਰੀ ਰਹਿਣੀ ਤੇ ਮੇਰਾ ਜੀਵਨ ਤੁਸਾਡਾ ਜੀਵਨ ਹੋਵੇਗਾ।

ਤੁਸਾਂ ਅਮ੍ਰਿਤ ਛਕਿਆ ਹੈ, ਸਿਖ ਤੋਂ ਸਿੰਘ ਹੋਏ ਹੋ, ਤੁਸੀਂ ਮੇਰੇ ਵਾਹਿਗੁਰੂ ਦੇ ਖਾਲਸਾ ਹੋ। ਹਾਂ, ਇਹ ਅੰਮ੍ਰਿਤ ਦੀ ਦਾਤਿ ਪਾ ਕੇ ਤੁਸੀਂ ਅਮਰ ਖਾਲਸਾ ਹੋਏ ਹੋ, ਤੁਸੀਂ ਦਾਤਿ ਵੰਡਿੰਗ ਅਤੇ ਤੁਸਾਂ ਤੋਂ ਖਾਲਸਾ ਵਧੇਗਾ, ਫੁਲੇਗਾ, ਖਾਲਸਾ ਇਕ ਤੋਂ ਅਨੇਕ ਹੋਏਗਾ ਪ੍ਰੰਤੂ ਤਦੋਂ, ਜਦੋਂ ਖਾਲਸਾ ਖਾਲਸਾ ਰਹੇਗਾ, ਜਦੋਂ ਖਾਲਸਾ ਜਾਗਤ ਜੋਤਿ ਵਾਹਿਗੁਰੂ ਦੇ ਪਿਆਰ ਵਿਚ ਬਿਚਰੇਗਾ, ਉਸ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ, ਗੋਰ, ਮੜ੍ਹੀ, ਮਠ, ਕਬਰ ਨੂੰ ਨਹੀਂ ਮੰਨੇਗਾ। ਟੇਕ ਇਕ ਅਕਾਲ ਤੇ, ਓਹ ਗੁਰੂ ਦੀ ਅਤੇ ਨਿਸਚਾ ਵਾਹਿਗੁਰੂ ਦੀ ਬਖਸ਼ੀ ਸਮਰੱਥਾ ਤੇ ਰਖੇਗਾ। ਅਕਾਲ ਤੋਂ ਬਿਨਾਂ ਡਰ ਕਿਸੇ ਦਾ ਨਹੀਂ ਮੰਨੇਗਾ। ਦੁਖ ਸੁਖ ਨੂੰ ਹੁਕਮ ਦੀ ਖੇਡ ਜਾਣਦਾ ਹੋਇਆ ਸਦਾ ਖੇੜੇ ਵਿਚ ਵਸੇਗਾ। ਬਲਵਾਨ ਹੋਏਗਾ, ਬੁਜ਼ਦਿਲ ਨਹੀਂ ਹੋਏਗਾ।

*ਖਾਲਸਾ ਮੇਰੋ ਰੂਪ ਹੈ ਖ਼ਾਸ।*
*ਖਾਲਸੇ ਮਹਿ ਹਉ ਕਰਉ ਨਿਵਾਸ॥*

ਖਾਲਸੇ ਦੀ ਪਛਾਣ ਮੇਰੇ ਰੂਪ ਤੋਂ ਹੋਏਗੀ, ਸਿਰ ਪਰ ਸੋਹਣੇ ਕੇਸ ਦਸਤਾਰ, ਚੇਹਰੇ ਪਰ ਗੁਰਮੁਖੀ ਦਾੜ੍ਹਾ, ਕੰਘਾ, ਕ੍ਰਿਪਾਨ, ਕਲਾ ਅਤੇ ਕਹਿਰਾਂ ਦੀ ਰਹਿਤ ਅਤੇ ਗੁਰਬਾਣੀ ਦਾ ਨਿਤਨੇਮੀ। ਮੇਰਾ ਸਿਖ ਚਾਰ ਬਜਰ ਬੁਰਹਿਤਾਂ ਤੋਂ ਹਮੇਸ਼ਾ ਬਖੰਨਾ, ਅਧਵਾ, ਕੇਸ, ਦਾੜੀ ਤੋਂ ਰੋਮਾਂ ਦੀ ਬੇਅਦਬੀ ਨਹੀਂ ਕਰੇਗਾ ਅਤੇ ਪਰ-ਪੁਰਖ ਤਥਾ ਪਰ ਇਸਤ੍ਰੀ ਦਾ ਸੰਗ ਨਹੀਂ ਕਰਨਾ, ਤਮਾਕੂ ਦੀ ਵਰਤੋਂ ਅਤੇ ਕੁੱਠਾ ਮਾਸ ਨਹੀਂ ਵਰਤੇਗਾ। ਆਪਣੇ ਆਪ ਨੂੰ ਖਾਲਸਾ ਫੌਜ ਦਾ ਸਿਪਾਹੀ ਜਾਣ ਕੇ, ਇਸ ਦੀ ਵਰਦੀ ਅੰਦਰ ਤ੍ਰੈਕਾਲ ਤਤਪਰ ਰਹੇਗਾ ਅਤੇ ਧਰਮ ਦੀ ਕਿਰਤ ਕਰ ਕੇ ਵੰਡ ਛਕੇਗਾ।

ਤੁਸਾਂ ਪੰਜਾਂ ਨੇ ਆਪਣੇ ਸੀਸ ਮੇਰੀ ਭੇਂਟ ਕਰਕੇ ਅੰਮ੍ਰਿਤ ਛਕਿਆ ਹੈ। ਤੁਸੀਂ ਮੇਰੇ ਪਿਆਰੇ ਹੋ। ਹੋਰ ਭੀ ਜੇ ਕੋਈ, ਖਾਲਸਾ ਫੌਜ ਦੇ ਅੰਮ੍ਰਿਤ ਨੂੰ ਧਾਰਨ ਕਰੇਗਾ, ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕੇਗਾ, ਉਸ ਪਰ ਮੇਰੀ ਖੁਸ਼ੀ ਹੋਵੇਗੀ। ਉਸ ਦੀ ਪਿਛਲੀ ਜ਼ਾਤ-ਪਾਤ ਤੇ ਜਨਮ-ਕਰਮ ਮਿਟ ਜਾਣਗੇ। ਉਹ ਵਾਹਿਗੁਰੂ ਜੀ ਦਾ ਖਾਲਸਾ ਹੋਏਗਾ ਅਤੇ ਮੇਰੇ ਘਰ ਦਾ ਸਾਂਝੀਵਾਲ ਹੋਵੇਗਾ, ਪ੍ਰੰਤੂ ਜੋ ਖਾਲਸਾ ਹੁੰਦਾ ਹੋਇਆ ਕਿਸੇ ਕੁਰਹਿਤ ਦਾ ਭਾਗੀ ਹੋਏਗਾ, ਉਹ ਖਾਲਸਾ ਫ਼ੌਜ ਵਿਚੋਂ ਖ਼ਾਰਜ ਹੋਏਗਾ।

ਆਓ, ਜਿਸ ਕਿਸੇ ਮੋਰੀ ਅਮਰ ਖਾਲਸਾ ਫੌਜ ਵਿਚ ਸ਼ਾਮਲ ਹੋਣਾ ਹੈ, ਉਹ ਮੇਰਾ ਰੂਪ ਧਾਰਨ ਕਰੇ, ਪੰਜ ਪਿਆਰਿਆਂ ਪਾਸੋਂ ਖੰਡੇ ਦਾ ਅੰਮ੍ਰਿਤ ਛਕੇ ਅਤੇ ਵਾਹਿਗੁਰੂ ਦਾ ਖਾਲਸਾ ਬਣੇ।

ਮੈਂ ਭੀ ਵਾਹਿਗੁਰੂ ਜੀ ਦਾ ਖਾਲਸਾ ਬਣਿਆ ਚਾਹੁੰਦਾ ਹਾਂ ਤਾਂ ਕਿ ਖਾਲਸੇ ਅਤੇ ਮੇਰੇ ਵਿਚ ਕੋਈ ਭਿੰਨ-ਭੇਦ ਨ ਰਹੇ। ਮੇਰੀ ਭੀ ਇੱਛਾ ਹੈ ਕਿ ਇਸ ਰੱਬੀ ਦਾਤਿ ਅੰਮ੍ਰਿਤ ਤੋਂ ਮੈਂ ਵਰੋਸਾਇਆ ਜਾਵਾਂ। ਇਹ ਦਾਤਿ ਬਖਸ਼ਣ ਦੀ ਸਮਰੱਥਾ ਸਤਿਗੁਰੂ ਨੂੰ ਅਤੇ ਗੁਰੂ ਕੇ ਪੰਜਾਂ ਪਿਆਰਿਆਂ ਨੂੰ ਹੈ। ਸੋ, ਖਾਲਸਾ ਸਜੇ ਪੰਜ ਪਿਆਰਿਓ! ਇਹ ਅੰਮ੍ਰਿਤ ਦੀ ਦਾਤਿ ਮੈਨੂੰ ਭੀ ਬਖਸ਼ੋ।

ਇਤਨਾ ਕਹਿ ਕੇ ਗੁਰੂ ਜੀ ਆਪ ਪੰਜਾਂ ਪਿਆਰਿਆਂ ਦੇ ਸਨਮੁਖ ਗੋਡਿਆਂ ਪਰਨੇ ਹੋ ਕੇ ਉਨ੍ਹਾਂ ਪਾਸੋਂ ਅੰਮ੍ਰਿਤ

(ਬਾਕੀ ਪੰਨਾ 28 ਤੇ)

# ਅੰਮ੍ਰਿਤ ਦੀ ਵਿਲੱਖਣਤਾ

[ਪ੍ਰਿੰਸੀਪਲ ਸੱਜਣ ਸਿੰਘ ਜੀ]

ਸੰਨ ੧੬੯੯ ਦੀ ਵੈਸਾਖੀ ਦਾ ਪੁਰਬ ਵਿਸ਼ਵ ਦੇ ਇਤਿਹਾਸ ਵਿਚ ਇਕ ਅਨੋਖਾ ਸਮਾਗਮ ਸੀ, ਜਿਸ ਨੇ ਸਿੱਖੀ ਨੂੰ ਨਾ-ਕੇਵਲ ਅਕਾਲ ਪੁਰਖ ਦਾ ਨਿੱਜੀ ਸੰਪੂਰਨ ਸਰੂਪ ਬਖ਼ਸ਼ਿਆ, ਬਲਕਿ ਰਹਿਣੀ, ਬਹਿਣੀ, ਕਹਿਣੀ ਤੋਂ ਪ੍ਰਭੂ ਉਪਾਸ਼ਨਾ ਦਾ ਢੰਗ ਵੀ ਵੱਖਰੇ ਤੇ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਗਟ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਅੰਮ੍ਰਿਤ ਦੇ ਦਾਤੇ, ਸਿੱਖ ਧਰਮ ਦੇ ਕਰਮ ਸਿਧਾਂਤ ਨੇ ਗੁਰਮੰਤਰ ਦੇਣ ਦੀ ਚਰਨ-ਪਾਹੁਲ ਦੀ ਪਰੰਪਰਾ ਬਦਲ ਕੇ ਪੰਜਾਂ ਬਾਣੀਆਂ ਦੇ ਨਿਰੰਤਰ ਪਾਠ ਦੁਆਰਾ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਕੌਮ ਦੀ ਕਾਇਆਂ ਪਲਟ ਦਿੱਤੀ। ਹਰੇਕ ਗੁਰੂ ਦਾ ਸਿੱਖ ਅੰਮ੍ਰਿਤ ਛੁੰਚ ਕੇ ਸਰਬ-ਸ਼ਕਤੀਆਂ-ਸੰਪੰਨ, ਖਾਲਸਾ ਕੌਮ ਦਾ ਅੰਗ ਬਣ ਗਿਆ। ਖਾਲਸੇ ਨੇ ਆਪਣੀ ਵੀਰਤਾ 'ਤੇ ਨਿਧੜਕਤਾ ਦੀ ਸੰਸਾਰ ਵਿਚ ਐਸੀ ਛਾਪ ਛੱਡੀ ਹੈ ਕਿ ਇਹ ਆਪਣੇ ਵੱਖਰੇ ਸਰੂਪ ਤੇ ਚੜ੍ਹਦੀ ਕਲਾ ਬਾਰੇ ਜਾਣ ਪਛਾਣ ਦਾ ਮੁਹਤਾਜ ਨਹੀਂ ਹੈ।

ਇਸ ਘਟਨਾ ਤੋਂ ਪਹਿਲਾਂ ਵੀ ਅੰਮ੍ਰਿਤ ਦੇ ਮੁਤਲਾਸ਼ੀ ਤੇ ਖੋਜੀ ਮੌਤ ਤੋਂ ਨਿਜਾਤ ਪਾਉਣ ਲਈ ਤੇ ਹਮੇਸ਼ਾ ਅਮਰ ਰਹਿਣ ਲਈ ਇਸ ਦੀ ਤਲਾਸ਼ ਕਰਦੇ ਰਹੇ। ਭਾਰਤ ਵਿਚ ਵੀ ਸੁਰ ਨਰ, ਮੁਨੀ ਜਨ ਤੇ ਦੇਵਤੇ ਅਮਰ ਪਦਵੀ ਦੀ ਪ੍ਰਾਪਤੀ ਲਈ ਤੱਪ ਸਾਧਦੇ ਰਹੇ, ਪਰ ਗੁਰਬਾਣੀ ਅਨੁਸਾਰ ਉਹ ਅਸਫਲ ਹੀ ਰਹੇ, ਕਿਉਂਕਿ ਅੰਮ੍ਰਿਤ ਦੀ ਦਾਤਿ, ਅੰਮ੍ਰਿਤ ਦਾ ਦਾਤਾ ਹੀ ਪਰਦਾਨ ਕਰ ਸਕਦਾ ਹੈ -

*ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ*
*ਸਚਾ ਮਨਿ ਵਸਾਇਆ॥੧੩॥* ***ਅੰਗ - ੯੧੮***

ਗਿਆਨ-ਇੰਦ੍ਰੀਆਂ ਗਿਆਨ ਪ੍ਰਾਪਤ ਵੀ ਕਰਦੀਆਂ ਹਨ ਤੇ ਗਿਆਨ ਦੇਣ ਵਿਚ ਵੀ ਸਹਾਇਤਾ ਦੇਂਦੀਆਂ ਹਨ। ਇਹ ਵਿਚਾਰਧਾਰਾ ਆਮ ਪ੍ਰਚੱਲਤ ਸੀ ਕਿ ਰਸਨਾ ਤੋਂ ਉਚਾ ਮੰਤਰ ਦੁਆਰਾ, ਅੱਖਾਂ ਦੀ ਦ੍ਰਿਸ਼ਟੀ ਦੁਆਰਾ ਅਤੇ ਸਰੀਰਕ : ਸਪਰਸ਼ ਦੁਆਰਾ ਜਲ ਵਿਚ ਐਸੀ ਸ਼ਕਤੀ ਉਤਪੰਨ ਹੁੰਦੀ ਸੀ ਜਿਹੜੀ ਸਰੀਰਕ ਤੇ ਮਾਨਸਕ ਰੋਗਾਂ ਦੀ ਨਵਿਰਤੀ ਲਈ ਅਕਸੀਰ ਹੁੰਦੀ ਸੀ। ਭਾਵੇਂ ਮੰਤਰ ਤੇ ਸਪਰਸ਼ ਦਾ ਪ੍ਰਭਾਵ ਬਾਕੀ ਤੱਤਾਂ ਤੇ ਵੀ ਪੈਂਦਾ ਮੰਨਿਆ ਗਿਆ ਹੈ, ਪਰ ਸਭ ਤੋਂ ਵੱਧ ਪ੍ਰਭਾਵ ਜਲ ਤੇ ਪੈਂਦਾ ਪ੍ਰਤੀਤ ਹੁੰਦਾ ਹੈ। ਗੁਰਬਾਣੀ ਵਿਚ ਪ੍ਰਭੂ ਦੇ ਨਾਮ ਨੂੰ ਜਲ ਜਾਂ ਅੰਮ੍ਰਿਤ-ਜਲ ਆਖਿਆ ਗਿਆ ਹੈ -

*ਅਬ ਮੋਹਿ ਜਲਤ ਰਾਮ ਜਲੁ ਪਾਇਆ॥*
*ਰਾਮ ਉਦਕਿ ਤਨੁ ਜਲਤ ਬੁਝਾਇਆ॥੧॥ਰਹਾਉ॥*
*ਮਨੁ ਮਾਰਣ ਕਾਰਣਿ ਬਨ ਜਾਈਐ॥*
*ਸੋ ਜਲੁ ਬਿਨੁ ਭਗਵੰਤ ਨ ਪਾਈਐ॥੧॥*
*ਜਿਹ ਪਾਵਕ ਸੁਰਿ ਨਰ ਹੈ ਜਾਰੇ॥*
*ਰਾਮ ਉਦਕਿ ਜਨ ਜਲਤ ਉਬਾਰੇ॥੨॥*
*ਭਵ ਸਾਗਰ ਸੁਖ ਸਾਗਰ ਮਾਹੀ॥*
*ਪੀਵਿ ਰਹੇ ਜਲ ਨਿਖੁਟਤ ਨਾਹੀ॥੩॥*
*ਕਹਿ ਕਬੀਰ ਭਜੁ ਸਾਰਿਗਪਾਨੀ॥*
*ਰਾਮ ਉਦਕਿ ਮੇਰੀ ਤਿਖਾ ਬੁਝਾਨੀ॥੪॥੧॥*

***ਅੰਗ - ੩੨੩***

ਇਹ ਅੰਮ੍ਰਿਤ, ਸਪੱਸ਼ਟ ਤੌਰ ਤੇ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਨਿਰਮਲ ਜਲ ਹੈ, ਜਿਸ ਵਿਚ ਵਿਸ਼ੇ ਵਿਕਾਰਾਂ ਦੀ ਅਗਨੀ ਦਗਧ ਕਰਨ ਦੀ ਅਥਾਹ ਸ਼ਕਤੀ ਹੈ, ਪਰ ਇਸ ਦੀ ਪ੍ਰਾਪਤੀ ਦਾ ਸੋਮਾ ਜੰਗਲ ਦੀ ਇਕਾਂਤ ਨਹੀਂ, ਪੂਰਨ ਸਤਿਗੁਰ ਦੀ ਬਖ਼ਸ਼ਸ਼ ਹੈ।

ਸਤਿਗੁਰੂ ਨਾਨਕ ਦੇਵ ਜੀ ਪ੍ਰਾਣੀਆਂ ਦੇ ਕਲਿਆਣ ਲਈ, ਚਰਨਾਮ੍ਰਿਤ, ਪਿਲਾ ਕੇ ਨਾਮ ਦਾਨ ਦਾ ਉਪਦੇਸ਼ ਦਿੰਦੇ ਸਨ। ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਕੀਤਾ ਹੈ। ਅੱਠਵੀਂ ਜੋਤਿ ਨੇ ਆਪਣੇ ਚਰਨ ਕਮਲਾਂ ਦੀ ਪਾਵਨ ਛੁਹ ਨਾਲ ਬੰਗਲਾ ਸਾਹਿਬ ਵਿਚ ਐਸਾ ਅੰਮ੍ਰਿਤ-ਜਲ ਤਿਆਰ ਕੀਤਾ ਜਿਸ ਵਿਚ ਸਾਰੇ ਦੁੱਖਾਂ ਨੂੰ

ਖ਼ਤਮ ਕਰਨ ਦੀ ਸ਼ਕਤੀ ਹੈ। ਇਹ ਪਰੰਪਰਾ ੧੬੯੯ ਤੱਕ ਇਸੇ ਰੂਪ ਵਿਚ ਪ੍ਰਚੱਲਤ ਰਹੀ, ਪਰ ਸਮਾਂ ਭੈੜੇ ਤੋਂ ਭੈੜਾ ਹੁੰਦਾ ਗਿਆ। ਗਰੀਬਾਂ, ਅਨਾਥਾਂ ਉੱਤੇ ਬੇਰਹਿਮੀ ਭਰੇ ਅੱਤਿਆਚਾਰ ਤੋਂ ਪਾਵਨ ਆਤਮਾਵਾਂ ਦੀ ਸ਼ਹਾਦਤ ਦੇ ਬਾਵਜੂਦ ਰੱਤ ਪੀਣ, ਨਿਰਦਈ ਜ਼ਾਲਮ ਹੁਕਮਰਾਨਾਂ ਦੀ ਪਿਆਸ ਨਹੀਂ ਬੁਝੀ। ਇਹ ਸਿਲਸਿਲਾ ਕਦ ਤਕ ਚੱਲਦਾ ਰਹਿੰਦਾ, ਅਨੁਮਾਨ ਲਾਉਣਾ ਕਠਨ ਹੈ।

ਕਲਗੀਧਰ ਦਸਮੇਸ਼ ਪਿਤਾ ਜੀ, ਜਿਨ੍ਹਾਂ ਦੇ ਰਗ ਰਗ ਵਿਚ ਅਣਖੀ ਖ਼ੂਨ ਗਰਦਸ਼ ਕਰ ਰਿਹਾ ਸੀ, ਅੰਮ੍ਰਿਤ ਵਿਚ ਭਗਤੀ, ਸ਼ਕਤੀ ਤੇ ਸੁੰਦਰਤਾ ਦਾ ਸੰਗਮ ਭਰਨਾ ਚਾਹੁੰਦੇ ਸਨ। ਆਪ ਨੇ ਪੱਕਾ ਸੰਕਲਪ ਕੀਤਾ ਕਿ ਮੈਂ ਐਸਾ ਅੰਮ੍ਰਿਤ ਤਿਆਰ ਕਰਾਂਗਾ ਕਿ ਇਸ ਦਾ ਸੇਵਨ ਕਰਨ ਵਾਲਾ ਵਿਅਕਤੀ ਨਿਰਬਲ, ਡਰਪੋਕ ਤੇ ਕਾਇਰ ਨਹੀਂ ਰਹੇਗਾ, ਮੌਤ ਨੂੰ ਮਖੌਲ ਕਰੇਗਾ ਤੇ ਜ਼ਿੱਲਤ ਭਰਿਆ ਜੀਵਨ ਨਹੀਂ ਬਤੀਤ ਕਰੇਗਾ। ਸੰਜਮੀ, ਜਾਮੀ ਤੇ ਅਗਿਆਕਾਰੀ, ਕ੍ਰਾਂਤੀਕਾਰੀ, ਸੂਰਬੀਰ, ਵਰਿਆਮ, ਸੰਤ ਸਿਪਾਹੀ ਬਣੇਗਾ ਜਿਹੜਾ ਨਿਰਗੁਣ ਅਕਾਲ ਪੁਰਖ ਦਾ ਨਾਮ ਜਪਦਾ ਹੋਇਆ ਅਣਖ, ਬਹਾਦਰੀ, ਦਲੇਰੀ, ਪਰਉਪਕਾਰ, ਨਿਡਰਤਾ, ਨਿਰਗੰਦੜਾ ਤੇ ਹੋਰ ਅਟੱਲ ਪੱਖੀ ਗੁਣ ਗ੍ਰਹਿਣ ਕਰੇਗਾ ਜੋ ਯੋਗ ਸਮੇਂ ਇਨ੍ਹਾਂ ਦੀ ਵਰਤੋਂ ਕਰੇਗਾ। ਇਹ ਨਮੂਨੇ ਦਾ ਮਨੁੱਖ ਸ਼ੇਰ ਦਾ ਬਾਣਾ ਧਾਰਨ ਕਰ ਕੇ ਦੀਨ ਦੁਖੀਆਂ ਮਜ਼ਲੂਮਾਂ ਦੇ ਕਸ਼ਟ ਨਿਵਾਰਨੇ ਲਈ ਆਪਣੀ ਜਾਨ ਦੀ ਬਾਜ਼ੀ ਲਾਵੇਗਾ ਤੇ ਹਕੂਮਤ ਦੇ ਭੈ ਜਾਂ ਲਾਲਚ ਅੱਗੇ ਈਨ ਨਹੀਂ ਮੰਨੇਗਾ।

ਇਸ ਤਰ੍ਹਾਂ ਦਾ ਵਰਤਣ ਲਿਆਉਣ ਦਾ ਖ਼ਿਆਲ ਕਿਸੇ ਵੀ ਆਗੂ ਦੇ ਮਨ ਵਿਚ ਨਹੀਂ, ਸੀ ਆਇਆ। ਪਹਾੜ ਜਿੱਡੀ ਸਲਤਨਤ ਨੂੰ ਵੰਗਾਰਨਾ ਕੋਈ ਬੱਚਿਆਂ ਦਾ ਖੇਲ ਨਹੀਂ ਸੀ। ਜਿਨ੍ਹਾਂ ਜੀਵਾਂ ਨੂੰ ਆਬੇ ਹਯਾਤ ਦਾ ਜਾਮ ਪਿਲਾਉਣਾ ਸੀ, ਉਨ੍ਹਾਂ ਦੀ ਪਤਿਤ ਜ਼ਿੰਦਗੀ ਦਾ ਦ੍ਰਿਸ਼ ਹਜ਼ੂਰ ਦੇ ਮਨ ਵਿਚ ਸਾਫ਼ ਚਿਤਰਿਆ ਹੋਇਆ ਸੀ। ਨਿੱਘਰੀ ਹੋਈ ਜਨਤਾ ਦੇ ਅਸਾਧ ਰੋਗ ਨੂੰ ਦੂਰ ਕਰਨ ਲਈ ਕਈ ਔਸ਼ਧੀਆਂ ਦੇ ਮਿਸ਼ਰਨ ਦੀ ਲੋੜ ਸੀ। ਸਮੁੱਚੀ ਲੁਕਾਈ ਦਾ ਇਕ ਇਕ ਅੰਗ ਬੇਕਾਰ ਤੇ ਮੁਰਦਾ ਹੋ ਚੁਕਾ ਸੀ। ਹੱਥ ਪੈਰ ਪਰਾਈ ਚਾਕਰੀ, ਸੇਵਾ ਤੇ ਵੰਗਾਰ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ, ਸਿਰ ਗ਼ੈਰਤ ਤੋਂ ਖਾਲੀ, ਅੱਖਾਂ ਵਿਚ ਅਭਿਆਨ ਦੀ ਧੁੰਦ, ਨਿਗਾਹਾਂ ਝੁਕੀਆਂ ਹੋਈਆਂ, ਨੱਕ ਤਾਮਸੀ ਦੁਰਗੰਧ ਨਾਲ ਦੂਸ਼ਤ ਹੋਇਆ, ਕਨ ਹਕੀਰਤ ਨੂੰ ਸੁਨਣ ਤੇ ਸਮਝਣ ਤੋਂ ਡੌਰੇ, ਚਿਹਰਾ ਕੁਮਲਾਇਆ ਹੋਇਆ, ਮੱਥਾ ਗ਼ੁਲਾਮੀ ਦੀਆਂ ਰੇਖਾਵਾਂ ਕਾਰਨ ਚਮਕ ਦਮੱਕੇ ਤੋਂ ਰਹਿਤ ਤੇ ਰਸਨਾ ਚਾਪਲੂਸੀ ਦੀ ਸ਼ਿਕਾਰ ਸੀ। ਮਨ-ਰਾਜ ਦੀ ਖ਼ੁਦਦਾਰੀ ਤਾਂ ਪਰ ਲਾ ਕੇ ਉੱਡ ਗਈ ਸੀ ਤੇ ਉਹ ਆਪਣਾ ਬਾਦਸ਼ਾਹੀ ਕਰਤੱਵ ਬਿਲਕੁਲ ਗੁਆ ਬੈਠਾ ਸੀ। ਏਨੀ ਨਿੱਘਰੀ ਹੁੰਦੀ ਮਾਨਸਕ ਅਵਸਥਾ ਵਿਚ ਆਤਮਕ ਜੀਵਨ ਦਾ ਪ੍ਰਫੁੱਲਤ ਹੋਣਾ ਅਸੰਭਵ ਦਿਖਾਈ ਦੇਂਦਾ ਸੀ। ਐਸੇ ਨਿਰਾਸ਼ਤਾ ਭਰੇ ਹਾਲਾਤ ਵਿਚ ਹਜ਼ੂਰ ਨੇ ਆਪਣੀ ਨਵੀਨ ਵਿਚਾਰਧਾਰਾ, ਦ੍ਰਿੜਤਾ ਅਤੇ ਪੱਕੇ ਇਰਾਦੇ ਦੁਆਰਾ ਐਸਾ ਅੰਮ੍ਰਿਤ ਤਿਆਰ ਕਰਨ ਦਾ ਫ਼ੈਸਲਾ ਕੀਤਾ ਕਿ ਸਾਧਾਰਨ ਜ਼ਿੰਦਗੀ ਵਿਚ ਨਵਾਂ ਚਾਅ ਤੇ ਹੌਸਲਾ ਉਤਪੰਨ ਹੋ ਜਾਵੇ।

ਇਸ ਮੰਤਵ ਦੀ ਪੂਰਤੀ ਲਈ ਦੂਰਦਰਸ਼ੀ ਦਸਮੇਸ਼ ਪਿਤਾ ਨੇ ਬਹੁਤ ਅਨੋਖਾ ਢੰਗ ਅਪਨਾਇਆ। ਹਜ਼ੂਰ ਨੇ ਸਖ਼ਤ ਪਰਚਾ ਪਾ ਕੇ ਮਰਜੀਵੜੇ ਸਿੱਖਾਂ ਦੀ ਮੰਗ ਕੀਤੀ ਅਤੇ ਪ੍ਰੀਖਿਆ ਲਈ, ਕਿ ਗੁਰੂ ਨਾਨਕ ਜੀ ਦੇ ਸਿੱਖ ਕਿਸ ਹੱਦ ਤਕ ਆਪਣੀ ਜਾਨ ਨਿਛਾਵਰ ਕਰਨ ਲਈ ਤੱਤਪਰ ਰਹਿੰਦੇ ਹਨ। ਆਪਣਾ ਸਿਰ ਵਾਰਨ ਵਾਲੇ ਪੰਜ ਸਿੰਘ ਪੰਜ ਪਿਆਰੇ ਕਹਿਲਾਏ। ਹਜ਼ੂਰ ਨੇ ਉਨ੍ਹਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਦੀ ਦਾਤਿ ਮੰਗ ਕੇ ਲਈ ਤੇ ਆਪਣਾ ਨਾਮ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਧਰਾਇਆ। ਇਹ ਗੁਰੂ ਚੇਲਾ ਤੇ ਚੇਲਾ ਗੁਰੂ ਦੀ ਇਕਮਿੱਕਤਾ ਦਾ ਜ਼ਾਹਰਾ ਜ਼ਹੂਰ ਪਰਤੱਖ ਪ੍ਰਗਟਾਵਾ ਸੀ। ਇਹ ਅੰਮ੍ਰਿਤ ਇਨਸਾਨੀ ਕ੍ਰਿਤ ਨਹੀਂ ਸੀ, ਬਲਕਿ ਹਜ਼ੂਰ ਦੇ ਰੋਸ਼ਨ, ਦਿਮਾਗ ਦਾ ਇਲਾਹੀ ਚਮਤਕਾਰ ਸੀ। ਪੰਜਾਂ ਪਿਆਰਿਆਂ ਦੁਆਰਾ ਪੰਜਾਂ ਬਾਣੀਆਂ ਦਾ ਰਸਨਾ ਨਾਲ ਉਚਾਰਣ, ਨਾਮ-ਰੱਤੇ ਦਸਾਂ ਨੈਣਾਂ ਦੀ ਪਾਵਨ ਦ੍ਰਿਸ਼ਟੀ, ਦਸਾਂ ਹੱਥਾਂ ਦੇ ਵਿਦਿੱਤ ਰੂਪ ਸਪਰਸ਼ ਅਤੇ ਲੋਹੇ ਦੇ ਖੰਡੇ ਬਾਟੇ ਦੀ ਰਗੜ ਨੇ ਜਿਹੜਾ ਨਿਆਰਾ ਤੇ ਵਿਲੱਖਣ ਅੰਮ੍ਰਿਤ ਤਿਆਰ ਕੀਤਾ, ਉਹ ਸੰਪੂਰਨ ਗੁਣਾਂ ਨਾਲ ਭਰਪੂਰ ਹੈ ਤੇ ਸਦਾ ਲਈ ਭਰਪੂਰ ਰਹੇਗਾ। ਅੰਮ੍ਰਿਤ ਦੀ ਸ੍ਰੇਸ਼ਟਤਾ ਗੁਰਬਾਣੀ ਵਿਚ ਕਈ ਥਾਂ ਦੇਖਣ ਵਿਚ ਆਉਂਦੀ ਹੈ –

*ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ,*
*ਫਿਰਿ ਮਰਦਾ ਬਹੁੜਿ ਜੀਵਾਇਆ ਰਾਮ॥*
*ਜਨ ਨਾਨਕ ਸਤਿਗੁਰੁ ਜੋ ਮਿਲੇ ਮੇਰੀ ਜਿੰਦੁੜੀਏ,*
*ਤਿਨ ਕੇ ਸਭ ਦੁਖ ਗਵਾਇਆ ਰਾਮ॥੩॥੩॥*

***ਅੰਗ – ੫੩੯***

ਗੁਰ-ਫ਼ੁਰਮਾਨ ਹੈ ਕਿ ਅੰਮ੍ਰਿਤ ਸੰਸਾਰ ਵਿਚ ਇਕ ਹੈ, ਦੂਜਾ ਕੋਈ ਨਹੀਂ। ਇਸ ਦੀ ਪ੍ਰਾਪਤੀ ਕੇਵਲ ਗੁਰੂ ਉਪਦੇਸ਼ ਦੁਆਰਾ ਹੁੰਦੀ ਹੈ ਤੇ ਇਹ ਨਿਰੋਲ ਨਿਰਗੁਣ ਨਾਮ

ਹੈ।

ਦਸਮ ਪਿਤਾ ਦੀ ਜਗਤ ਨੂੰ ਮਹਾਨ ਦੇਣ ਇਹ ਹੈ ਕਿ ਆਪ ਨੇ ਹਰੇਕ ਸੂਖਮ ਵਿਚਾਰ ਨੂੰ ਸਥੂਲ ਰੂਪ ਦਿੱਤਾ ਤੇ ਅਦ੍ਰਿਸ਼ਟ ਪਦਾਰਥ ਨੂੰ ਪ੍ਰਗਟ ਰੂਪ ਵਿਚ ਦ੍ਰਿਸ਼ਟਮਾਨ ਕੀਤਾ। ਗੁਪਤ ਨਾਮ ਦੀ ਸ਼ਕਲ-ਸੱਤਾ ਤੇ ਅਕਾਰ ਨੂੰ ਇਸ ਤਰ੍ਹਾਂ ਪਰਚੰਡ ਕੀਤਾ ਕਿ ਮਾਮੂਲੀ ਇਨਸਾਨ ਨੂੰ ਵੀ, ਇਸ ਦੀ ਅੰਮ੍ਰਿਤ-ਮਈ ਕਲਾ ਨੂੰ ਸਮਝਣ ਵਿਚ ਦਿੱਕਤ ਨ ਆਵੇ। ਇਸ ਤਰ੍ਹਾਂ ਪਤਾਸਿਆਂ ਦੀ ਵਰਤੋਂ ਦਾ ਉੱਦੇਸ਼ ਅੰਮ੍ਰਿਤ ਨੂੰ ਕੇਵਲ ਸੁਆਦ ਲਈ ਹੀ ਮਿੱਠਾ ਨਹੀਂ ਸੀ ਬਣਾਉਣਾ, ਬਲਕਿ ਇਸ ਵਿਚ ਅਤਿਅੰਤ ਮਿੱਠੇ ਗੁਣਾਂ ਦਾ ਪਰਵੇਸ਼ ਕਰਨਾ ਸੀ। ਇਨ੍ਹਾਂ ਰੱਬੀ ਗੁਣਾਂ ਦੀ ਮਿਠਾਸ ਸੰਸਾਰ ਦੇ ਮਿੱਠੇ ਪਦਾਰਥਾਂ ਤੋਂ ਕਿਤੇ ਅਧਿਕ ਹੈ -

***ਫਰੀਦਾ ਸਕਰ ਖੰਡ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥***
***ਸਭ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥***
***ਅੰਗ - ੧੨੭***

ਖੰਡੇ ਦੀ ਇਹ ਪਾਹੁਲ ਸੁੱਕੇ, ਵੀਰਾਨ, ਕਉੜੱਤਣ ਭਰੇ ਹਿਰਦਿਆਂ ਵਿਚ ਮਿਠਾਸ, ਨਿਮਰਤਾ, ਸਹਿਨਸ਼ੀਲਤਾ, ਵਿਗਾਸ, ਖੇੜਾ ਤੇ ਤ੍ਰਿਪਤੀ ਭਰਨ ਦੀ ਪਾਵਨ ਕਲਾ ਵਰਤਾਉਣ ਲਈ ਸਮਰੱਥ ਹੈ। ਇਸ ਦਾ ਅਨਿਖੜਵਾਂ ਅੰਗ ਅੰਮ੍ਰਿਤ (ਕੜਾਹ ਪ੍ਰਸਾਦ ਸਾਰਥਕ ਤੇ ਪੰਜਟਕ ਭੋਜਨ ਵੀ ਹੈ ਤੇ ਬੀਰ ਰਸ ਦਾ ਜਜ਼ਬਾ ਉਤਪੰਨ ਕਰ ਕੇ ਜ਼ੁਲਮੀਂ ਭੂਤਾਨ ਦਾ ਮੂੰਹ ਤੋੜਨ ਲਈ ਚੱਟਾਨ ਵੀ ਹੈ। ਇਹ ਬੇਮਿਸਾਲ ਕੀਮਤੀ ਤੱਤਾਂ ਨਾਲ ਭਰਪੂਰ ਹੈ। ਅੰਮ੍ਰਿਤ ਨਾਮ ਦੇ ਗੁਪਤ ਖਜ਼ਾਨੇ ਤੇ ਪਾਰਸ ਕਲਾ ਨੂੰ ਪ੍ਰਗਟ ਪਹਾਰੇ ਜਾਪਣ ਵਾਲਾ ਪਰਤੱਖ ਸਰੂਪ ਬਖਸ਼ਿਆ ਹੈ ਤੇ ਰੱਬੀ ਗਿਆਨ ਨੂੰ ਸੂਰਜ ਵਾਂਗ ਚਮਕਾਇਆ ਹੈ।ਹਜ਼ੂਰ ਨੇ ਸਹਿਜ ਸੁਭਾਅ ਹੀ ਸਾਂਝੇ ਉਪਦੇਸ਼ ਨੂੰ ਪੰਜਾਂ ਪਿਆਰਿਆਂ ਦੇ ਵੱਖ ਵੱਖ ਜਾਤਾਂ, ਧਰਮਾਂ ਤੇ ਵੱਖ ਵੱਖ ਪ੍ਰਾਂਤਾਂ ਦੇ ਨੁਮਾਇੰਦਿਆਂ ਦੇ ਤੌਰ ਤੇ ਅਮਲੀ ਰੂਪ ਪ੍ਰਦਾਨ ਕੀਤਾ ਹੈ। ਮਿਥਿਹਾਸਕ ਘਟਨਾਵਾਂ ਤੇ ਕਰਾਮਾਤੀ ਸ਼ਕਤੀਆਂ ਨੂੰ ਯੋਗ ਅਵਸਰ ਆਉਣ ਤੇ ਦੁਹਰਾਇਆ ਹੈ। ਅੰਮ੍ਰਿਤ ਪਾਨ ਦੇ ਸਦਕੇ ਗੁਰਸਿੱਖਾਂ ਨੇ ਅਰਦਾਸ-ਸ਼ਕਤੀ ਦੇ ਅਨਗਿਣਤ ਨਮੂਨੇ ਪੇਸ਼ ਕੀਤੇ। ਅਟੁੱਟ ਵਿਸ਼ਵਾਸ ਦੁਆਰਾ ਆਪਣਾ ਬਚਨ ਨਿਭਾਉਣਾ, ਤਲੀ ਤੇ ਸਿਰ ਰੱਖ ਕੇ ਪ੍ਰੇਮ ਦੀ ਖੇਡ ਖੇਡਣੀ, ਮਸਤ ਸ਼ਰਾਬੀ ਹਾਥੀ ਨੂੰ ਪਛਾੜਨਾ, ਸਵਾ ਲੱਖ ਨਾਲ ਜੂਝਣਾ ਇਤਿਹਾਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਅੰਮ੍ਰਿਤ ਸਦੀਵੀ ਜ਼ਿੰਦਗੀ ਹੈ, ਜਿਸ ਤੋਂ ਮੌਤ ਵੀ ਡਰਦੀ ਹੈ। ਇਹ ਪ੍ਰੀਵਰਤਣ ਦਾ ਜ਼ਬਰਦਸਤ ਮਾਧਿਅਮ ਹੈ ਤੇ ਕੌਤਕਮਈ ਕ੍ਰਿਸ਼ਮਾ ਹੈ। ਇਸ ਕਾਇਆ ਅੰਦਰ ਵਿਚਰਦਿਆਂ ਹੀ ਪਹਿਲੀ ਜ਼ਿੰਦਗੀ ਦਾ ਅੰਤ ਤੇ ਨਵੀਂ ਜ਼ਿੰਦਗੀ ਦੀ ਆਰੰਭਤਾ ਹੁੰਦੀ ਹੈ, ਬਿਲਕੁਲ ਇਸ ਤਰ੍ਹਾਂ ਜਿਵੇਂ ਇਨਸਾਨ ਮਰ ਕੇ ਨਵਾਂ ਜਨਮ ਧਾਰਨ ਕਰਦਾ ਹੈ। ਇਸ ਤਰ੍ਹਾਂ ਦੀ ਮੌਤ ਬਖਸ਼ਸ਼ ਦੀ ਨਿਸ਼ਾਨੀ ਹੈ, ਜਿਹੜੀ ਆਤਮ ਸਮਰਪਨ ਤੇ ਗੁਰਮੰਤਰ ਦੀ ਪ੍ਰਾਪਤੀ ਸਮੇਂ ਪ੍ਰਾਪਤ ਹੁੰਦੀ ਹੈ। ਫ਼ਰਕ ਇਤਨਾ ਹੈ ਕਿ ਪਹਿਲੀ ਜ਼ਿੰਦਗੀ ਦੇ ਬਾਅਦ ਮੌਤ ਨੇ ਅਵੱਸ਼ ਆਉਣਾ ਸੀ, ਪਰ ਅੰਮ੍ਰਿਤ ਪਾਨ ਕਰਨ ਬਾਅਦ ਦੀ ਜ਼ਿੰਦਗੀ ਸਦ-ਜੀਵਨੀ ਹੈ ਤੇ ਆਵਾਗਵਨ ਦੇ ਚੱਕਰ ਵਿਚ ਪਾਉਣ ਵਾਲੀ ਮੌਤ ਤਾਂ ਸਦਾ ਲਈ ਛੁਟਕਾਰਾ ਦਿਵਾਂਦੀ ਹੈ। ਇਹ ਗੁਰ ਫੁਰਮਾਨ ਅਟੱਲ ਹੈ -

***ਸਬਦਿ ਮਰਹੁ ਫਿਰਿ ਜੀਵਹੁ***
***ਸਦ ਹੀ ਤਾ ਫਿਰਿ ਮਰਣੁ ਨ ਹੋਈ॥***
***ਅੰਮ੍ਰਿਤ ਨਾਮੁ ਸਦਾ ਮਨਿ ਮੀਠਾ***
***ਸਬਦੇ ਪਾਵੈ ਕੋਈ॥ ਅੰਗ - ੬੦੪***

ਇਸ ਨਵੇਂ ਜੀਵਨ ਵਿਚ, ਸਾਡੇ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਹਨ। ਇਨ੍ਹਾਂ ਦਾ ਫੁਰਮਾਨ ਤੇ ਬਖਸ਼ਿਸ਼ ਭਰਿਆ ਹੱਥ ਗੁਰਸਿੱਖ ਨੂੰ ਸੰਕਟ ਸਮੇਂ ਡੋਲਣ ਤੇ ਕੁਰਾਹੇ ਪੈਣ ਤੋਂ ਰੋਕਦਾ ਤੇ ਚੜ੍ਹਦੀ ਕਲਾ ਦੀ ਅਵਸਥਾ ਵਿਚ ਟਿਕਾਉਂਦਾ ਹੈ, ਪਿਆਰ ਭਰੀਆਂ ਅਸੀਸਾਂ ਨਵਜੀਵਨ ਵਿਚ ਸਫਲਤਾ ਦਾ ਮਾਰਗ ਦਿਖਾਉਂਦੀਆਂ ਹਨ। ਇਹ ਦਾਤਿ ਦਾਤੇ ਦੀ ਰਹਿਮਤ ਹੈ, ਇਸ ਵਿਚ ਆਪਣਾ ਜ਼ੋਰ ਨਹੀਂ। ਮਰ ਕੇ ਜੀਉਣ ਵਾਲਿਆਂ ਦੇ ਜਜ਼ਬਾਤ ਇਨ੍ਹਾਂ ਸ਼ਬਦਾਂ ਵਿਚੋਂ ਦਿਖਾਈ ਦਿੰਦੇ ਹਨ -

***ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ***
***ਭਾਈ ਸਬਦੇ ਹੀ ਮੁਕਤਿ ਪਾਈ॥***
***ਸਬਦੇ ਮਨੁ ਤਨੁ ਨਿਰਮਲੁ ਹੋਆ***
***ਹਰਿ ਵਸਿਆ ਮਨਿ ਆਈ॥***
***ਸਬਦੁ ਗੁਰਦਾਤਾ ਜਿਤੁ ਮਨੁ ਰਾਤਾ***
***ਹਰਿ ਸਿਉ ਰਹਿਆ ਸਮਾਈ॥੨॥੪॥ ਅੰਗ - ੬੦੧***

ਖਾਲਸੇ ਦਾ ਲਗਾਉ ਤੇ ਦੁਨਿਆਵੀ ਅੱਖਾਂ ਤੋਂ ਉੱਪਰ ਉੱਠਿਆ ਅਲੰਪਰਾ ਵਾਲਾ ਤੇ ਮੌਤ ਨੂੰ ਮਖੌਲ ਕਰਨ ਵਾਲਾ ਭੈ ਰਹਿਤ ਜੀਵਨ ਵਾਸਤਵ ਵਿਚ ਆਤਮਕ ਮਾਤਾ ਪਿਤਾ ਦੇ ਰੂਹਾਨੀ ਪ੍ਰੇਮ ਦਾ ਰਹੱਸ ਹੈ। ਸਮਦ੍ਰਿਸ਼ਟੀ ਦਾ ਨਵਾਂ ਗਿਆਨ, ਨਵੀਆਂ ਸੋਚਾਂ, ਨਵਾਂ ਪਰਉਪਕਾਰੀ ਇਖਲਾਕੀ ਕਰਮ, ਨਵਾਂ ਮਾਨਵਤਾ ਦਾ ਧਰਮ, ਇਹ ਸਭ ਸਤੋਗੁਣੀ

***(ਬਾਕੀ ਪੰਨਾ 33 ਤੇ)***

# ਪੂਰਨ ਮਨੁਖ ਖਾਲਸਾ

*[ਬੀਬੀ ਭੂਪਿੰਦਰ ਕੌਰ ਜੀ]*

ਗੁਰਬਾਣੀ ਅਨੁਸਾਰ ਧਰਤੀ, ਧਰਮ ਦੇ ਆਸਰੇ ਖੜੀ ਹੈ। ਧਰਮ-ਹੀਣ ਮਨੁਖ ਹਰ ਵੇਲੇ ਆਪਣੇ ਆਪ ਨੂੰ ਸੱਖਣਾ ਮਹਿਸੂਸ ਕਰਦਾ ਹੈ। ਉਸ ਦੇ ਜੀਵਨ ਦੀ ਕੋਈ ਮੰਜਿਲ ਨਹੀਂ, ਸਗੋਂ ਉਹ ਐਵੇਂ ਕਿਸੇ ਪਤੰਗ ਵਾਂਗ ਹੈ, ਜਿਸ ਦੀ ਡੋਰ ਕਿਸੇ ਦੇ ਵੀ ਹੱਥ ਵਿਚ ਨਹੀਂ, ਝੁਕ-ਡੋਲੇ ਖਾਂਦਾ ਫਿਰਦਾ ਹੈ। ਉਹ ਅੰਦਰੂਨੀ ਤੌਰ ਤੇ ਕਿਸੇ ਦੇ ਨਾਲ ਜੁੜਿਆ ਨਹੀਂ ਹੁੰਦਾ। ਮਨੁਖੀ ਪੂਰਨਤਾ ਲਈ ਇਹ ਪਹਿਲੀ ਅਤੇ ਜ਼ਰੂਰੀ ਸ਼ਰਤ ਹੈ ਕਿ ਮਨੁਖ ਆਪਣੇ ਅਸਲੇ ਨਾਲ ਜੁੜਿਆ ਹੋਵੇ।

ਮਨੁੱਖੀ ਬਣਤਰ ਵਿਚ ਦੋ ਚੀਜ਼ਾਂ ਮਹੱਤਵਪੂਰਨ ਹਨ; ਸਰੀਰ ਅਤੇ ਆਤਮਾ। ਇਹ ਪੰਚ-ਭੂਤਕ ਸਰੀਰ ਦੁਨਿਆਵੀ ਪਦਾਰਥਾਂ ਦੇ ਆਸਰੇ ਤੇ ਹੀ ਜਿਓਂਦਾ ਹੈ। ਜਿਵੇਂ ਮਨੁਖੀ ਸਰੀਰ ਲਈ ਬਾਹਰਲੇ ਪਦਾਰਥਾਂ ਦੀ ਲੋੜ ਹੈ, ਇਵੇਂ ਹੀ ਆਤਮਾ ਨੂੰ ਅਨੰਦਤ ਰਖਣ ਲਈ ਧਰਮ ਦੀ ਲੋੜ ਹੈ। ਧਰਮੀ ਮਨੁਖ ਦਾ ਪ੍ਰਧਾਨ ਲਛਣ ਇਹ ਹੈ ਕਿ ਉਹ ਇਕ ਅਕਾਲ ਦਾ ਪੁਜਾਰੀ ਹੁੰਦਾ ਹੈ।

ਪੁਰਾਤਨ ਇਤਿਹਾਸ ਨੂੰ ਘੋਖੀਏ ਤਾਂ ਪਤਾ ਚਲਦਾ ਹੈ ਕਿ ਪੁਰਾਤਨ ਮਨੁਖ ਕਿਤਨਾ ਕਰਮ-ਕਾਂਡੀ ਸੀ। ਲੋਕਾਂ ਦਾ ਧਰਮ ਪੱਥਰਾਂ, ਸੂਰਜ, ਪਉਣ, ਪਾਣੀ, ਅਗਨੀ ਆਦਿ ਦੀ ਪੂਜਾ ਤਕ ਹੀ ਸੀਮਤ ਸੀ ਤੇ ਇਹ ਸਭ ਕੁਝ ਨਿਜੀ ਇਛਾਵਾਂ ਦੀ ਪੂਰਤੀ ਦਾ ਸਾਧਨ ਹੀ ਬਣਿਆ ਹੋਇਆ ਸੀ। ਬਹੁਤੀ ਲੁਕਾਈ ਭਰਮ-ਭੁਲਾਵਿਆਂ ਵਿਚ ਹੀ ਜੀਵਨ ਦੀ ਅਮੁੱਲੀ ਦਾਤ ਗੁਆਈ ਜਾ ਰਹੀ ਸੀ ਤੇ ਇਸ ਘੁੰਮਣ-ਘੇਰੀ ਵਿਚ ਫਸ ਕੇ ਅਸਲੀਅਤ ਤੋਂ ਬਹੁਤ ਦੂਰ ਸੀ। ਇਸ ਗੋਰਖ-ਧੰਦੇ ਵਿਚ ਫਸੀ ਲੁਕਾਈ ਨੂੰ ਕੋਈ ਜੀਵਨ-ਸੇਧ ਦੇਣ ਵਾਲਾ, ਸੱਚ ਦਾ ਰੂਪ, ਦਿਲ ਦਾ ਮਹਿਰਮ ਮਿਲਿਆ ਨਹੀਂ ਸੀ। ਇਸ ਸੰਸਾਰ ਦੇ ਘਣ-ਚੱਕਰ ਵਿਚੋਂ ਕੇਵਲ ਓਹੀ ਨਿਕਲ ਸਕਦਾ ਸੀ ਜੋ ਇਸ ਮਨੁੱਖੀ ਜਾਮੇ ਵਿਚ ਸੱਚ ਦਾ ਪੁਜਾਰੀ ਹੋਵੇ; ਅਤੇ ਸੱਚ ਦਾ ਪੁਜਾਰੀ ਹੋਣ ਲਈ ਦੈਵੀ ਗੁਣ ਧਾਰਨ ਕਰਨ ਦੀ ਲੋੜ ਸੀ।

ਦੁਨੀਆ ਦੀ ਪੁਕਾਰ ਸੁਣ ਕੇ, ਜੀਵਾਂ ਨੂੰ ਇਸ ਭਉਜਲ ਵਿਚੋਂ ਕਢਣ ਲਈ, ਅਕਾਲ ਪੁਰਖ ਦੇ ਹੁਕਮ ਅਨੁਸਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਵਤਾਰ ਹੋਇਆ। ਸਤਿਗੁਰਾਂ ਨੇ ਮੁਕੰਮਲ ਇਨਸਾਨ ਦਾ ਚਿਤਰ ਅਪਣੀ ਦ੍ਰਿਸ਼ਟੀ ਵਿਚ ਚਿਤਰਿਆ-ਅਜਿਹਾ ਸਾਬਤ ਸੂਰਤ ਅਤੇ ਨੇਕ-ਸੀਰਤ ਮਨੁਖ, ਜੋ ਇਕ ਅਤੇ ਕੇਵਲ ਇਕ ਅਕਾਲ ਦਾ ਪੁਜਾਰੀ ਹੋਵੇ, ਜਿਸ ਨੇ ਇਹ ਸੂਰਜ ਚੰਨ ਪਉਣ ਪਾਣੀ ਅਗਨੀ ਆਦਿ ਬਣਾਏ ਹੋਏ ਹਨ ਅਤੇ ਜੋ ਇਨ੍ਹਾਂ ਸ਼ਕਤੀਆਂ ਦਾ ਸਰਬ-ਸ਼ਕਤੀਮਾਨ ਮਾਲਕ ਹੈ।

ਅਗਿਆਨਤਾ ਵਿਚ ਫਸੇ ਹੋਏ ਮਨੁੱਖ ਨੂੰ ਇਸ ਮੰਜ਼ਿਲ ਤੱਕ ਪਹੁੰਚਣ ਲਈ ਬੜੀ ਕਠਨ ਘਾਲਣਾ ਤੇ ਤਪੱਸਿਆ ਦੀ ਲੋੜ ਸੀ।ਸੋ ਗੁਰੂ ਪਾਤਸ਼ਾਹ ਨੇ ਸਰੀਰਕ, ਆਚਰਣਕ ੱਤੇ ਆਤਮਕ ਪੱਖਾਂ ਵਲੋਂ ਪੂਰਨ ਮਨੁੱਖ ਦੇ ਇਸ ਚਿੱਤਰ ਨੂੰ ਸਹੀ ਰੂਪ ਦੇਣ ਲਈ ੨੪੦ ਸਾਲ ਤੀਕ, ਆਪ ਨੌਂ ਜਾਮਿਆਂ ਵਿਚ ਕਠਨ ਘਾਲਣਾ ਘਾਲ ਕੇ, ਉਹ ਸਦ-ਗੁਣ, ਜੋ ਉਹ ਉਸ ਮਨੁੱਖ ਵਿਚ ਭਰਨਾ ਚਾਹੁੰਦੇ ਸਨ, ਸੰਸਾਰ ਦੇ ਸਾਹਮਣੇ ਅਮਲੀ ਰੂਪ ਵਿਚ ਕਮਾ ਕੇ ਪੇਸ਼ ਕੀਤੇ। ਆਪ ਨੇ ਲੁਕਾਈ ਦੇ ਹਰ ਇਕ ਦੁਖ ਨੂੰ ਆਪਣਾ ਦੁਖ ਸਮਝ ਕੇ, ਚਾਹੇ ਉਹ ਦੁਨਿਆਵੀ ਸੀ ਜਾਂ ਆਤਮਕ, ਉਸ ਨੂੰ ਨਿਵਾਰਨ ਲਈ ਹਰ ਹੀਲਾ ਕੀਤਾ ਤੇ ਦੁਨੀਆ ਦੇ ਸਾਹਮਣੇ ਇਕ ਮਿਸਾਲ ਪੇਸ਼ ਕੀਤੀ। ਆਪ ਜੀ ਨੇ ਮਨੁੱਖੀ ਪੂਰਨਤਾ ਲਈ ਤਿੰਨ ਪ੍ਰਮੁੱਖ ਨਿਸ਼ਾਨੇ ਨਿਰਧਾਰਤ ਕੀਤੇ-

(੧) ਧਰਮ ਦੀ ਕਿਰਤ ਕਰਨੀ

(੨) ਨਾਮ ਜਪਣਾ

(੩) ਵੰਡ ਛਕਣਾ।

ਉਪਰੋਕਤ ਨਿਸ਼ਾਨੇ ਦ੍ਰਿੜ ਕਰਾਉਣ ਵਾਲੇ ਸ੍ਰੀ ਗੁਰੂ

ਨਾਨਕ ਦੇਵ ਜੀ ਹੀ ਸਨ। ਦੂਜੇ ਜਾਮੇ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹੁਕਮ ਦੀ ਪਾਲਣਾ ਦਾ ਨਮੂਨਾ ਪੇਸ਼ ਕੀਤਾ। ਹੁਕਮ ਦੀ ਪਾਲਣਾ, ਕੇਵਲ ਅਜਿਹਾ ਹੀ ਵਿਅਕਤੀ ਕਰ ਸਕਦਾ ਹੈ ਜਿਸ ਨੇ ਆਪਾ ਭਾਵ ਦਾ ਅਭਾਵ ਕਰ ਦਿਤਾ ਹੋਵੇ। ਆਪ ਜੀ ਦੇ ਜੀਵਨ ਵਿਚ ਵਾਪਰੀਆਂ ਆਗਿਆ ਪਾਲਣ ਕਰਨ ਦੀਆਂ ਅਨੇਕ ਮਿਸਾਲਾਂ ਵਿਚੋਂ ਗੰਦੇ ਪਾਣੀ ਵਿਚ ਸੁੱਟਿਆ ਕੌਲਾ (ਇਕ ਬਰਤਨ) ਕਢ ਲਿਆਉਣਾ, ਚਿੱਕੜ ਨਾਲ ਲਿਬੜੇ ਘਾਹ ਦੀ ਪੰਡ ਚੁੱਕ ਲੈਣੀ, ਸਿਆਲੀ ਹਾਰੇ ਵਸਦੇ ਮੀਂਹ ਵਿਚ ਸਾਰੀ ਰਾਤ ਧਰਮਸਾਲ ਦੀ ਕੰਧ ਬਣਾਉਂਦੇ ਰਹਿਣਾ, ਕੁਤਕੇ ਨਾਲ ਮਾਰ ਪੈਣ ਤੇ ਵੀ ਸਤਿਗੁਰਾਂ ਦਾ ਪਿੱਛਾ ਨਾ ਛੱਡਣਾ ਅਤੇ ਅੰਤ ਵਿਚ ਮੁਰਦਾ ਖਾਣ ਲਈ ਰਜ਼ਾਮੰਦ ਹੋ ਜਾਣਾ ਮਹੱਤਵ-ਪੂਰਨ ਉਦਾਹਰਣਾਂ ਹਨ।

ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਉਚ ਨੀਚ ਦੇ ਭੇਦ-ਭਾਵ ਨੂੰ ਖ਼ਤਮ ਕਰਨ ਲਈ ਸੰਗਤ ਪੰਗਤ ਦੀ ਪ੍ਰਥਾ ਚਲਾਈ ਅਤੇ ਸਤੀ ਹੋਣ ਦੀ ਰਸਮ ਦੀ ਕਰੜੀ ਨਿੰਦਾ ਕੀਤੀ। ਵੱਡਾ ਪੂਰਨਾ ਮਨੁੱਖ ਮਾਤਰ ਲਈ, ਜੋ ਆਪ ਜੀ ਨੇ ਪਾਇਆ, ਉਹ ਸੀ ਉਹਨਾਂ ਵਲੋਂ ਕੀਤੀ ਹੋਈ, ਕਰੜੀ ਸੇਵਾ। ੭੦-੮੦ ਸਾਲ ਦੀ ਬਿਰਧ ਅਵਸਥਾ ਵਿਚ ਉਹਨਾ ਨੇ ਜੋ ਸੇਵਾ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਤਨ ਮਨ ਨਾਲ ਕੀਤੀ, ਉਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਅੱਧੀ ਰਾਤ ਬਿਆਸਾ (ਸ੍ਰੀ ਗੋਇੰਦਵਾਲ) ਤੋਂ ਜਲ ਦੀਆਂ ਗਾਗਰਾਂ ਭਰ ਕੇ ਲਿਆਉਣੀਆਂ, ਉਹ ਵੀ ਪੁੱਠੀ ਪੈਰੀਂ ਜਾ ਕੇ, ਕਿ ਕਿਧਰੇ ਸਤਿਗੁਰਾਂ ਵੱਲ ਪਿੱਠ ਨਾ ਹੋ ਜਾਵੇ।

ਚੌਥੇ ਸਤਿਗੁਰਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਸੇਵਾ ਨੂੰ ਮੁੱਖ ਰਖਿਆ ਅਤੇ ਆਪਣੇ ਹੱਥੀਂ ਸੇਵਾ ਕਰ ਕੇ ਬਹੁਤ ਖ਼ੁਸ਼ ਹੁੰਦੇ। ਸੇਵਾ ਨੂੰ ਹੀ ਮੁੱਖ ਰੱਖ ਕੇ, ਸਿੱਖੀ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸਿੱਖਾਂ ਵਿਚ ਇਹ ਜਜ਼ਬਾ ਪੈਦਾ ਕੀਤਾ ਕਿ ਜਿਥੇ ਜਿਥੇ ਵੀ ਗੁਰਸਿਖਾਂ ਦੀ ਵਸੋਂ ਹੋਵੇ, ਉਥੇ ਧਰਮ-ਕੇਂਦਰ ਜ਼ਰੂਰ ਹੋਵੇ। ਇਸੇ ਭਾਵਨਾ ਦੇ ਅਧੀਨ, ਸਿੱਖ ਕਿਧਰੇ ਵੀ ਹੋਵੇ, ਦੇਸ਼ ਵਿਚ ਜਾ ਪ੍ਰਦੇਸ, ਆਪਣੇ ਰਹਿਣ ਲਈ ਝੁੱਗੀ ਹੋਵੇ ਜਾਂ ਨਾ, ਪਰ ਗੁਰਦੁਆਰਾ ਸਥਾਪਨ ਕਰਨ ਲਈ ਤਨ ਮਨ ਧਨ ਅਰਪਣ ਕਰਨ ਤੋਂ ਸੰਕੋਚ ਨਹੀਂ ਕਰਦਾ।

ਪੰਜਵੇਂ ਗੁਰੂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਸਿੱਖਾਂ ਵਿਚ ਸਿਦਕ ਦੀ ਭਾਵਨਾ ਭਰੀ, ਉਥੇ ਪਰਉਪਕਾਰ ਦਾ ਜਜਬਾ ਵੀ ਨਾਲ ਹੀ ਪ੍ਰਤੱਖ ਤੌਰ ਤੇ ਦੱਸਿਆ ਕਿ ਦੂਜਿਆਂ ਨੂੰ ਸੜਦੇ ਬਲਦੇ ਸੰਸਾਰ ਵਿਚੋਂ ਕਢਣ ਲਈ ਪਹਿਲਾਂ ਆਪ ਸੇਕ ਸਹਿਣਾ ਪੈਂਦਾ ਹੈ। ਸੰਸਾਰਕ ਔਕੜਾਂ ਖਿੜੇ ਮੱਥੇ ਸਹਿ ਕੇ, ਸ਼ਾਂਤ ਰਹਿ ਕੇ, ਵਾਹਿਗੁਰੂ ਦੀ ਰਜ਼ਾ ਨੂੰ ਕਬੂਲ ਕਰਨਾ ਹੈ। ਇਹ ਸਾਰਾ ਕੁਝ ਸਹਿ ਕੇ, ਅਕਾਲ ਪੁਰਖ ਦੇ ਭਾਣੇ ਨੂੰ ਮੰਨ ਕੇ ਸੰਸਾਰ ਅੱਗੇ ਮਿਸਾਲ ਪੇਸ਼ ਕੀਤੀ। ਆਪ ਜੀ ਨੇ ਸੜਦੇ ਬਲਦੇ ਸੰਸਾਰ ਦੀ ਮਾਨਸਿਕ ਸ਼ਾਂਤੀ ਅਤੇ ਆਤਮਿਕ ਕਲਿਆਣ ਲਈ, ਪ੍ਰਥਮ ਸਤਿਗੁਰਾਂ ਅਤੇ ਭਗਤਾਂ ਦੀ ਬਾਣੀ ਇਕੱਤਰ ਕਰ ਕੇ, ਕਲਜੁਗ- ਜਹਾਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ ਅਤੇ ਸੰਸਾਰ ਨੂੰ ਇਹ ਅਮੋਲਕ ਖਜ਼ਾਨਾ ਬਖਸ਼ਿਆ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵਕਤ ਦੀ ਨਜ਼ਾਕਤ ਨੂੰ ਵੇਖ ਕੇ ਸਿੱਖਾਂ ਵਿਚ ਅਣਖ ਦੀ ਭਾਵਨਾ ਭਰੀ ਤੇ ਸੈਨਿਕ ਜਥੇਬੰਦੀ ਲਈ ਪ੍ਰੇਰਨਾ ਦਿਤੀ, ਅਤੇ ਸਿਖਾਂ ਵਿਚ ਬੀਰ ਰਸ ਦੀ ਭਾਵਨਾ ਭਰੀ। ਇਥੋਂ ਜ਼ੁਲਮ ਜ਼ਬਰ ਦੀ ਵਿਰੋਧਤਾ ਅਰੰਭ ਹੋਈ ਤੇ ਹਾਲਾਤ ਦੇ ਅਨੁਸਾਰ ਭਗਤੀ ਦੇ ਨਾਲ ਨਾਲ ਸ਼ਕਤੀ ਸੰਗਠਿਤ ਕੀਤੀ ਗਈ।

ਸਤਵੇਂ ਜਾਮੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਸਾਦਗੀ ਵਲ ਪ੍ਰੇਰਿਆ, ਗੁਰਬਾਣੀ ਦਾ ਸਤਿਕਾਰ ਕਰਨਾ ਸਿਖਾਇਆ ਅਤੇ ਤਿਆਗ ਦੀ ਭਾਵਨਾ ਪੈਦਾ ਕੀਤੀ। ਗੁਰਬਾਣੀ ਦਾ ਇਕ ਸ਼ਬਦ ਬਦਲਣ ਤੇ ਆਪਣੇ ਪੁੱਤਰ ਸ੍ਰੀ ਰਾਮ ਰਾਇ ਜੀ ਨੂੰ ਮੁੜ ਮੂੰਹ ਨਹੀਂ ਲਾਇਆ।ਆਪ ਜੀ ਨੇ ਬਹਿਰਮੁਖੀ ਦਿਖਾਵੇ ਤੋਂ ਵਰਜ ਕੇ ਅਸਲੀਅਤ ਵਲ ਪ੍ਰੇਰਿਆ ਤੇ ਫੁਰਮਾਇਆ ਕਿ ਬਾਹਰੀ ਪ੍ਰਗਟਾਵੇ ਦੀ ਭਾਵਨਾ ਅਧੀਨ ਸਿਮਰਨ ਵੀ ਨੁਮਾਇਸ਼ ਬਣ ਜਾਂਦਾ ਹੈ।

ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਮਨੁਖੀ ਅਕਲ ਸਿਆਣਪ ਤੇ ਅਧਾਰਤ ਉਹ ਸਾਰੀਆਂ ਧਾਰਨਾਵਾਂ ਬਦਲ ਦਿੱਤੀਆਂ ਕਿ ਛੋਟੀ ਉਮਰ ਵਿਚ ਗੰਭੀਰਤਾ ਜਾਂ ਦੂਰ-ਦ੍ਰਿਸਟੀ ਨਹੀਂ ਹੁੰਦੀ। ਆਪ ਜੀ ਪੰਜ ਸਾਲ ਦੀ ਉਮਰ ਵਿਚ ਹੀ ਉਸ ਉੱਚਤਾ ਅਤੇ ਆਤਮਿਕ ਸ਼ਕਤੀ ਦੇ ਸੁਆਮੀ ਸਨ। ਸਾਢੇ ਸੱਤ ਸਾਲ ਦੀ ਉਮਰ ਵਿਚ ਹੀ ਦੂਜਿਆਂ ਦੀਆਂ ਬੀਮਾਰੀਆਂ ਤੇ ਕਸ਼ਟ ਨਿਵਾਰਨ ਕਰ ਕੇ ਆਪਣੇ ਸਰੀਰ ਤੇ ਬੀਮਾਰੀਆਂ ਝੱਲੀਆਂ। ਇਕ ਮੂਰਖ ਬੰਦੇ ਦੇ ਸਿਰ ਤੇ ਛੜੀ ਰਖ ਕੇ, ਉਸ ਪਾਸੋਂ ਗੀਤਾ ਦੇ ਸਲੋਕਾਂ ਦੇ ਅਰਥ ਕਰਾ ਦਿੱਤੇ ਅਤੇ ਵੱਡੀਆਂ ਉਮਰਾਂ ਦੇ ਪੰਡਿਤਾਂ ਨੂੰ ਦਰਸਾ ਦਿੱਤਾ ਕਿ ਸ਼ਰੀਰਕ ਉਮਰ ਦਾ ਆਤਮਿਕ ਵਿਕਾਸ ਦੇ ਸੰਬੰਧ ਵਿਚ ਕੋਈ ਤੁਅੱਲਕ ਨਹੀਂ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਤਾਂ ਭਗਤੀ, ਤਿਆਗ ਤੇ ਵੈਰਾਗ ਦੇ ਪੁੰਜ ਸਨ। ਆਪ ਜੀ ਨੇ ੧੯ ਸਾਲ ਬਾਬਾ ਬਕਾਲਾ ਵਿਖੇ ਭੋਰੇ ਵਿਚ ਛੁਪੇ ਰਹਿ ਕੇ ਕਠਨ ਤਪ ਕੀਤਾ। ਆਪ ਜੀ ਉਦੋਂ ਹੀ ਪ੍ਰਕਟ ਹੋਏ ਜਦੋਂ ਧਰਮ ਦੀ ਖ਼ਾਤਰ ਬਲੀ-ਦਾਨ ਦੀ ਲੋੜ ਪਈ।

ਹੁਣ ਅੰਤਿਮ ਪੜਾਅ ਵੀ ਨਜਦੀਕ ਆ ਚੁੱਕਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦਾ ਉਦੇਸ਼ ਪੂਰਾ ਹੋਣ ਵਾਲਾ ਸੀ। ਹੁਣ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਖਾਲਸੇ ਨੂੰ ਆਪਣਾ ਰੂਪ ਬਖ਼ਸ਼ਿਆ ਅਤੇ ਇਸ ਆਦਰਸ਼ਕ ਤੇ ਪੂਰਨ ਮਨੁੱਖ ਨੂੰ ਸੰਸਾਰ ਅੱਗੇ ਪੇਸ਼ ਕੀਤਾ। ਇਸ ਤਰ੍ਹਾਂ ਜੋ ਬੀਜ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੀਜਿਆ ਸੀ, ਨਾਂ ਜਮਿਆਂ ਵਿਚ ਉਸ ਨੂੰ ਆਗਿਆ ਪਾਲਣ, ਹੁਕਮ ਮੰਨਣ, ਸੇਵਾ, ਨਿੰਮਰਤਾ, ਤਿਆਗ, ਭਾਣਾ ਮੰਨਣ, ਸ਼ਕਤੀ ਤੇ ਵੈਰਗ ਦਾ ਜਲ ਰਿਜਿ ਕੇ ਇਕ ਸੋਹਣਾ ਮਹਿਕਦਾਰ ਫੁੱਲ ਬਣਾਇਆ, ਜੋ ਚਾਰੋਂ ਪਾਸੇ ਆਪਣੇ ਸੋਹਣੇ ਗੁਣਾਂ ਤੇ ਜੀਵਨ-ਜਾਚ ਦੀ ਮਹਿਕ ਖਲੇਰ ਸਕੇ। ਪਰ ਨਾਲ ਹੀ ਉਸ ਸੋਹਣੇ ਫੁੱਲ ਦੀ ਸੰਭਾਲ ਲਈ ਪੰਜ ਕਕਾਰ ਧਾਰਨ ਕਰਨ ਅਤੇ ਚਾਰ ਬਜਰ ਕੁਰਹਿਤਾਂ ਤੋਂ ਬਚਣ ਦੀ ਵਾੜ ਵੀ ਲਗਾ ਦਿਤੀ ਤਾਂ ਜੁ ਆਦਰਸ਼ਕ ਮਨੁੱਖ ਗੁਰਸਿਖ ਇਸ ਰਹਿਤ ਦੀ ਵਾੜ ਸਦਕਾ ਸੁਰੱਖਿਅਤ ਰਹਿ ਕੇ, ਸਮੁੱਚੇ ਸੰਸਾਰ ਵਿਚ ਆਪਣੇ ਉੱਚੇ ਜੀਵਨ ਦੀ ਸੁਗੰਧੀ ਫੈਲਾਂਦਾ ਰਹੇ ਅਤੇ ਇਹ ਆਤਮਿਕ ਜਾਗ ਅੱਗੇ ਲੱਗਦੀ ਰਹੇ। ਇਸ ਤਰ੍ਹਾਂ *'ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ॥'* ਗੁਰਵਾਕ ਦੀ ਕਲਾ ਨਿਰੰਤਰ ਵਰਤਦੀ ਰਹੇ।

---

***(ਪੰਨਾ 22 ਦੀ ਬਾਕੀ)***

ਮੰਗਣ ਲੱਗੇ। ਇਹ ਅਜੀਬ ਕਉਤਕ ਸੀ। ਜੋ ਗਰੂ ਇਸ ਸਮੇਂ ਤੋਂ ਪਹਿਲਾਂ ਆਪ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਰਿਹਾ ਸੀ, ਉਹ ਆਪ ਉਹਨਾਂ ਹੀ ਪੰਜਾਂ ਪਾਸੋਂ ਅੰਮ੍ਰਿਤ ਦੀ ਮੰਗ ਕਰ ਰਿਹਾ ਹੈ। ਇਹ ਗੱਲ ਨਿਰਾ ਗੁਰੂ ਗੋਬਿੰਦ ਸਿੰਘ ਜੀ ਦੀ ਨਿਰਮਾਣਤਾ ਦਾ ਹੀ ਇਕ ਵੱਡਾ ਸਬੂਤ ਨਹੀਂ, ਬਲਕਿ ਆਪ ਦਾ ਇਹ ਕਰਤੱਵ ਨਿਸਚੇ ਤੌਰ ਤੇ ਇਹ ਦ੍ਰਿੜ ਕਰਾਉਂਦਾ ਹੈ ਕਿ –

(੧) ਅੰਮ੍ਰਿਤ ਇਕ ਅਜਿਹਾ ਮਹਾਨ ਅਤੇ ਦੈਵੀ ਪਦਾਰਥ ਹੈ, ਜਿਸ ਦਾ ਛਕਣਾ ਕੇਵਲ ਸਿਖ ਲਈ ਹੀ ਜ਼ਰੂਰੀ ਨਹੀਂ, ਬਲਕਿ ਗੁਰੂ ਜੀ ਆਪ ਭੀ ਇਸ ਦਾ ਛਕਣਾ ਜ਼ਰੂਰੀ ਸਮਝਦੇ ਸਨ।

(੨) ਗੁਰੂ ਜੀ ਦੇ ਮਨ ਅੰਦਰ ਖ਼ਾਲਸਾ ਤਥਾ ਸਿੰਘ ਹੋਣ ਦੀ ਇਤਨੀ ਵਡਿਆਈ ਹੈ ਕਿ ਗੁਰੂ ਜੀ ਆਪ ਸਿੰਘ ਬਣਨਾ ਲੋਚਦੇ ਹਨ, ਚੁਨਾਂਚਿ ਆਪ ਅੰਮ੍ਰਿਤ ਛਕਣ ਉਪ੍ਰੰਤ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

(੩) ਗੁਰੂ ਘਰ ਦਾ ਇਹ ਨਿਰਣਤ ਨਿਸ਼ਾਨਾ ਹੈ ਕਿ ਸਾਧਾਰਨ ਮਨੁੱਖ ਭੀ ਜਦੋਂ ਪੂਰਨਤਾ ਨੂੰ ਪਹੁੰਚ ਜਾਣ ਅਤੇ ਆਪਣਾ ਆਪ ਗੁਰੂ ਦੇ ਹੁਕਮ ਤੋਂ ਕੁਰਬਾਨ ਕਰ ਦੇਣ ਤਾਂ ਉਹ ਇਤਨੇ ਉਚੇ ਤੋਂ ਵਡੇ ਹੋ ਜਾਂਦੇ ਹਨ ਕਿ ਗੁਰੂ ਖ਼ੁਦ ਉਨ੍ਹਾਂ ਦੇ ਸਾਹਮਣੇ ਸਿਰ ਝੁਕਾ ਦੇਂਦਾ ਹੈ, ਜਿਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਦੇ ਚਰਨਾਂ ਤੋਂ ਸ਼ੀਸ ਝੁਕਾਇਆ ਸੀ।

(੪) ਪੂਰਨ ਹੋ ਚੁਕੇ ਮਨੁਖਾਂ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ 'ਪੰਚ'ਕਿਹਾ ਸੀ, ਦੀ ਸੰਗਤ ਅਥਵਾ ਪੰਜ ਪਿਆਰੇ ਗੁਰੂ ਦੇ ਤੁੱਲ ਸਮੱਰਥਾ ਰਖਦੇ ਹਨ। ਗੁਰੂ ਜੀ ਦੇ ਇਸ ਵਿਚਾਰ ਅੰਦਰ ਮੌਜੂਦਾ ਜ਼ਮਾਨੇ ਦੀ ਡੈਮੋਕਰੇਸੀ (ਗਣਤੰਤਰ) ਦਾ ਅੰਤਰ ਛੁਪਿਆ ਹੋਇਆ ਹੈ। ਪ੍ਰੰਤੂ ਗੁਰੂ ਜੀ ਅਤੇ ਵਰਤਮਾਨ ਕਾਲ ਦੇ ਗਣਤੰਤਰਾਂ ਵਿਚਾਲੇ ਇਤਨਾ ਭੇਦ ਹੈ ਕਿ ਗੁਰੂ ਜੀ ਪੂਰਨਤਾ ਨੂੰ ਪੁੱਜੇ ਹੋਏ ਮਨੁੱਖਾਂ ਦੀ ਸੰਗਤ ਨੂੰ ਸ਼੍ਰੋਮਣੀ ਅਧਿਕਾਰਾਂ ਦੇ ਪਾਤਰ ਸਮਝਦੇ ਹਨ। ਉਨ੍ਹਾਂ ਦੀ ਸੰਗਤ ਦੇ ਸਾਰੇ ਪ੍ਰਾਣੀਆਂ ਦਾ ਇਕ ਵਿਚਾਰ, ਇਕ ਨਿਸ਼ਾਨਾ ਤੇ ਇਕ ਮਤਾ ਹੁੰਦਾ ਹੈ, ਉਥੇ ਸਰਬ-ਸੰਮਤੀ ਹੈ, ਬਹੁ-ਸੰਮਤੀ ਦਾ ਸਵਾਲ ਹੀ ਨਹੀਂ। ਦੂਜੇ ਬੰਨੇ ਵਰਤਮਾਨ ਕਾਲ ਦੇ ਗਣਤੰਤਰ ਅੰਦਰ ਸਿਰਾਂ ਦੀ ਗਿਣਤੀ ਹੈ, ਆਚਾਰ ਸ੍ਰੇਸ਼ਟਤਾ ਦਾ ਕੋਈ ਵਿਚਾਰ ਨਹੀਂ, ਸਭ ਦੇ ਮਤ ਆਪੋ ਆਪਣੇ ਹਨ ਅਤੇ ਕੌਂਸਲ ਦਾ ਅਧਾਰ ਸਭ ਝੂਠ ਨਹੀਂ, ਸਗੋਂ ਸਿਖਾਂ ਦੀ ਗਿਣਤੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਗੁਰੂਗੱਦੀ ਸ੍ਰੀ ਗੁਰੂ ਗ੍ਰੰਥ ਜੀ ਦੇ ਤਾਜ ਖਾਲਸਾ ਪੰਥ ਨੂੰ ਦਿਤੀ ਅਤੇ ਨਾਲ ਹੀ 'ਖਾਲਸਾ' ਪਦ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਅੰਦਰ ਬੀਤੀ :

***ਜਾਗਤ ਜੋਤਿ ਜਪੈ ਨਿਸ ਬਾਸੁਰ***
***ਏਕ ਬਿਨਾ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤਿ ਜਗੈ ਘਟ ਮੈ***
***ਤਬ ਖਾਲਸ ਤਾਹਿ ਨਿਖਾਲਸ ਜਾਨੈ॥੧॥ ਤੇਤੀ ਸਵੱਯੇ***

# ਖਾਲਸੇ ਦਾ ਸਿਰਜਨਾਤਮਿਕ ਮੰਡਲ

*[ਪ੍ਰੋਫੈਸਰ ਜੋਗਿੰਦਰ ਸਿੰਘ ਜੀ]*

ਖਾਲਸੇ ਨੂੰ ਜਿਸ 'ਅਨੁਭਵੀ-ਵਿਰਸੇ' ਦਾ ਮਾਲਕ ਬਣਾਇਆ ਗਿਆ ਹੈ, ਜਿਸ 'ਵੀਚਾਰ-ਆਦਰਸ਼' ਦਾ ਅਨੁਸਾਰੀ ਠਹਿਰਾਇਆ ਗਿਆ ਹੈ, ਤੇ ਜਿਸ 'ਕਕਾਰ-ਸਰੂਪ' ਵਿੱਚ ਸਜਾਇਆ ਗਿਆ ਹੈ, ਉਸ ਆਧਾਰ ਤੇ ਇਹ ਕਹਿਣਾ ਸਹੀ ਹੀ ਹੈ ਕਿ ਖਾਲਸਾ ਸਿਰਜਨਾਤਮਿਕ-ਮੰਡਲ ਦੀ ਹੀ ਉਪਜ ਹੈ। ਸਿਰਜਨਾਤਮਿਕ-ਮੰਡਲ ਵਿਚ ਨਾ ਦਵੰਤ ਹੁੰਦਾ ਹੈ ਅਤੇ ਨਾ ਹੀ ਦਵੰਦ ਹੁੰਦਾ ਹੈ। ਹਉ ਤੋਂ ਤਾਂ ਇਹ 'ਮੰਡਲ' ਬਿਲਕੁਲ ਅਲਿਪਤ ਅਤੇ ਸੁਤੰਤਰ ਹੁੰਦਾ ਹੈ। ਇਸੇ ਕਰਕੇ 'ਖਾਲਸੇ' ਦੇ ਅਨੁਵੀ-ਵਿਰਸੇ, ਵੀਚਾਰ-ਆਦਰਸ਼ ਅਤੇ ਕਾਰ-ਸਰੂਪ ਵਿਚ ਦਵੰਤ, ਦਵੰਦ ਤੇ ਹਉਂ ਦਾ ਨਾ ਕੋਈ ਲੇਪ ਹੈ ਅਤੇ ਨਾ ਹੀ ਕੋਈ ਸਥਾਨ ਹੈ। ਖਾਲਸੇ ਦਾ ਸਿਰਜਨਾਤਮਿਕ-ਮੰਡਲ ਸਹੀ ਅਰਥਾਂ ਵਿੱਚ 'ਸਹਿਜ ਮੰਡਲ' ਹੀ ਹੈ। ਸਹਿਜ ਵਿਚ ਸ਼ੁੱਧ ਤੇ ਸੰਪੂਰਨ ਅਨੁਭਵ ਹੁੰਦਾ ਹੈ, ਇਕਸੁਰਤਾ ਅਤੇ ਅਡੋਲਤਾ ਦਾ ਪੂਰਨ ਟਿਕਾਉ ਹੁੰਦਾ ਹੈ, ਤੇ ਆਤਮ-ਵਿਸ਼ਵਾਸ ਆਪਣੇ ਸਿਖਰ ਤੇ ਹੁੰਦਾ ਹੈ। ਸਿਰਜਨਾਤਮਿਕ ਜਾਂ ਸਹਿਜ ਮੰਡਲ ਵਿਚ ਨਾ ਬਨਾਵਟ ਹੁੰਦੀ ਹੈ, ਨਾ ਚੰਚਲਤਾ ਹੁੰਦੀ ਹੈ ਅਤੇ ਨਾ ਹੀ ਝੂਠ ਹੁੰਦਾ ਹੈ। ਸਹਿਜ-ਮੰਡਲ ਵਿਚ ਜੀਉਂਦਾ ਮਨੁੱਖ ਹੁੰਦਾ ਤਾਂ ਗਹਿਰ-ਗੰਭੀਰ ਹੈ, ਪਰ ਸੁਤੰਤਰਤਾ, ਵਿਗਾਸ ਤੇ ਰਸ-ਇਕਾਗਰਤਾ ਉਸ ਦੀ ਜੀਵਨ-ਕਿਰਿਆ ਦਾ ਵਿਸ਼ੇਸ਼ ਹਿੱਸਾ ਹੁੰਦੇ ਹਨ। ਅਸਲ ਵਿਚ ਜੀਵਨ ਦੀ ਇਹ ਦੈਵੀ-ਕਿਰਿਆ ਹੀ ਉਸ ਦੀ 'ਮਤਿ' ਨੂੰ ਸਦਾ ਉੱਚਾ ਰਖਦੀ ਹੈ ਤੇ 'ਮਨ' ਨੂੰ ਸਦਾ ਨੀਵਾਂ ਰੱਖਦੀ ਹੈ। ਮਤਿ ਦੀ ਉਚਾਈ ਤੇ ਮਨ ਦੀ ਨਿਵਾਈ ਵਿਚ ਏਕਤਾ ਅਤੇ ਇਕਸੁਰਤਾ ਪੈਦਾ ਕਰ ਲੈਣਾ ਹੀ ਸਹੀ ਅਰਥਾਂ ਵਿਚ ਸਹਿਜ ਜਾਂ ਸਿਰਜਨਾਤਮਿਕ ਮੰਡਲ ਦਾ ਵਾਸੀ ਬਣਨਾ ਹੈ। ਸਿੱਖ ਅਰਦਾਸ ਦਾ ਇਹ ਵਾਕ -

*ਖਾਲਸਾ ਜੀ ਦਾ ਮਨ ਨੀਵਾਂ ਤੇ ਮਤਿ ਉੱਚੀ।*

ਇਸੇ ਕਰਕੇ ਖਾਲਸਾ ਨਿਤ ਦੁਹਰਾਂਦਾ ਹੈ ਕਿ ਉਹ ਆਪਣਾ 'ਵਾਸ' ਸਦੀਵੀ ਰੂਪ ਵਿਚ ਸਿਰਜਨਾਤਮਿਕ ਜਾਂ ਸਹਿਜ ਮੰਡਲ ਵਿਚ ਰੱਖ ਸਕੇ। ਸਿਰਜਨਾਤਮਿਕ ਜਾਂ ਸਹਿਜ-ਮੰਡਲ ਹੀ ਖਾਲਸੇ ਦਾ ਸਹੀ ਮੰਡਲ ਹੈ। ਇਸ 'ਮੰਡਲ' ਵਿਚ ਜੀਉ ਕੇ ਹੀ 'ਸਦਾ ਜਾਗਦੇ ਯੋਧੇ' ਦਾ ਕਰਤੱਵ ਨਿਬਾਹ ਸਕਦਾ ਹੈ। ਭਾਈ ਗੁਰਦਾਸ ਜੀ ਜਦੋਂ ਆਪਣੀ ਵਾਰ ਦੀ ਇਕ ਪਉੜੀ ਵਿਚ 'ਮਰਦ ਅਗੰਮੜਾ' ਗੁਰੂ ਗੋਬਿੰਦ ਸਿੰਘ ਜੀ ਦੇ 'ਖਾਲਸੇ ਦੇ ਸਿਰਜਨਾਤਮਿਕ-ਮੰਡਲ ਦਾ ਚਿੱਤਰ ਉਲੀਕਦਾ ਹੈ ਤਾਂ ਉਹ ਵੀ ਸਾਖੀ ਭਰਦਾ ਹੈ ਕਿ ਸਾਬਤ ਤੇ ਮਰਦਾਨਾ 'ਖਾਲਸੇ' ਦਾ 'ਸਿਰਜਨਾਤਮਿਕ-ਮੰਡਲ' ਸਹਿਜ-ਮੰਡਲ ਹੀ ਹੈ। ਸਹਿਜ-ਮੰਡਲ ਵਿਚੋਂ ਹੀ ਇਸ ਖਾਲਸੇ ਦੀ ਉਪਜ ਹੋਈ ਹੈ ਤੇ ਸਹਿਜ-ਮੰਡਲ ਦੇ ਵਾਸ ਵਿਚ ਜੀਊਣ ਨਾਲ ਹੀ ਇਸ ਦੀ 'ਜੀਵੰਤ-ਰੁਕਤੀ' ਤੇ ਇਸ ਦਾ 'ਨਿਆਰਾ-ਸਰੂਪ ਸਹੀ ਤੇ ਸਾਰਥਿਕ ਰਹਿ ਸਕੇਗਾ।

ਇਸ ਵਿਚ ਇਤਿਹਾਸਕ ਸੱਚ ਹੈ ਕਿ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉਤੇ, 'ਖਾਲਸੇ' ਦੇ ਸਿਰਜਨਾਤਮਿਕ-ਮੰਡਲ ਦਾ ਜੋ ਦਿੱਬ-ਚਮਤਕਾਰ ਵਾਪਰਿਆ ਹੈ, ਉਸ ਦੇ ਮੁੱਖ ਪਾਤਰ ਕਰਤਾਰੀ ਸ਼ਖਸੀਅਤ-ਦਸਵੇਂ ਰੂਪ ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਗੁਰੂ ਨਾਨਕ ਦੇਵ ਜੀ ਜੋ 'ਅਕਾਲ' ਦਾ ਰੂਪ ਹਨ ਤਾਂ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੇ ਉਸ ਦੀ ਜੋਤ ਤੋਂ ਜੱਗੀਆਂ ਹੋਰ ਅੱਠ ਗੁਰੂ ਸ਼ਖਸੀਅਤਾਂ ਦੀ ਜੋਤਿ ਦੇ ਮਾਲਕ ਵੀ ਹਨ। ਦਸ ਗੁਰੂ-ਸ਼ਖ਼ਸੀਅਤਾਂ ਵਿਚ ਜੋਤਿ, ਅਨੁਭਵ ਤੇ ਆਦਰਸ਼ ਦੀ ਏਕਤਾ ਵੀ ਹੈ ਤੇ ਇਕ-ਸੁਰਤਾ ਭੀ ਹੈ। ਇਸੇ ਕਰਕੇ ਪ੍ਰੋ. ਪੂਰਨ ਸਿੰਘ ਜਦੋਂ ਦਸ ਗੁਰੂ-ਜੋਤਿ ਦੇ 'ਏਕਤਾ-ਚਰਿੱਤਰ' ਨੂੰ ਆਪਣੀ ਪੁਸਤਕ Ten Masters ਵਿਚ ਪੇਸ਼ ਕਰਦਾ ਹੈ, ਤਾਂ ਉਹ ਹਰ ਗੁਰੂ-ਸਖ਼ਸੀਅਤ ਦੇ ਨਾਮ ਨਾਲ 'ਨਾਨਕ ਪਦ ਲਾ ਦਿੰਦਾ

ਹੈ। 'ਨਾਨਕ' ਪਦ  ਦੀ ਵਰਤੋਂ ਦਾ ਭਾਵ ਸ਼ਾਇਦ ਇਹ ਪ੍ਰਗਟਾਇਆ ਹੈ ਕਿ ਸਰਬ - ਗੁਰੂ-ਸ਼ਖਸੀਅਤਾਂ 'ਨਾਨਕ' ਪਦ ਹੀ ਰੂਪ ਹਨ। ਇਹੀ ਕਾਰਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਅੰਮ੍ਰਿਤ' ਕਾਲ ਤੇ ਛੱਕਣ ਵਾਸਤੇ ਜਦੋਂ ਸਹਿਜ-ਮੰਡਲ ਦੀ ਸਿਰਜਨਾ ਕੀਤੀ, ਤਾਂ ਉਸ ਵਿਚ ਵੀ ਗੁਰੂ ਨਾਨਕ-ਜੋਤਿ ਦੇ ਪ੍ਰਕਾਸ਼-ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਕੇਂਦਰੀ ਸ਼ਕਤੀ ਰੱਖਿਆ ਗਿਆ। 'ਅੰਮ੍ਰਿਤ ਦਾ ਸਾਰਾ ਕਿਰਿਆ-ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਹੀ ਹੁੰਦਾ ਹੈ। ਭਾਵੇਂ 'ਅੰਮ੍ਰਿਤ' ਦੇ ਸਮਾਗਮ ਵਿਚ ਦਸਮ ਪਾਤਿਸ਼ਾਹ ਤੇ ਪੰਜ ਪਿਆਰਿਆਂ ਦੀ ਹੋਂਦ ਵੀ ਜ਼ਰੂਰੀ ਹੁੰਦੀ ਹੈ, ਪਰ ਅੰਮ੍ਰਿਤ ਦੀ ਤਿਆਰੀ ਤੇ ਛੱਕਣ-ਛੱਕਾਣ ਵੇਲੇ, ਨਾ ਗੁਰੂ ਗੋਬਿੰਦ ਸਿੰਘ ਜੀ ਆਪਣੀ ਹਉ ਜਾਂ ਮੈਂ ਵਿਚ ਜਿਉਂਦੇ ਹਨ ਅਤੇ ਨਾ ਹੀ ਪੰਜ ਪਿਆਰੇ ਕਿਸੇ ਹਉਂ ਜਾਂ ਮੈਂ ਦੀ ਭਾਵਨਾ ਨੂੰ ਸਵੀਕਾਰ ਕਰਦੇ ਹਨ। ਪੰਜ ਪਿਆਰੇ ਜੋ ਆਪਣਾ 'ਆਪਾ' ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਣ ਕਰ ਦਿੰਦੇ ਹਨ, ਤਾਂ ਗੁਰੂ ਗੋਬਿੰਦ ਸਿੰਘ ਜੀ ਵੀ ਆਪਣਾ 'ਆਪ' ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਰੱਖ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 'ਆਪੇ' ਅਤੇ ਖਾਲਸੇ ਦੇ ਸਿਰਜਨਾਤਮਕ-ਮੰਡਲ ਵਿਚ ਕੋਈ ਅੰਤਰ ਨਹੀਂ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਨਾ ਕਰਨ ਪਿਛੋਂ, ਇਹ ਬੜੇ ਮਾਣ ਤੇ ਮਨਮਾਨ ਨਾਲ ਕਿਹਾ ਸੀ ਕਿ 'ਖਾਲਸਾ' ਮੇਰਾ ਰੂਪ ਹੈ, ਮੇਰੀ ਜਾਨ ਹੈ, ਮੇਰੇ ਪ੍ਰਾਣ ਹੈ, ਮੇਰਾ ਪਿੰਡ ਹੈ, ਮੇਰੀ ਜਾਤਿ ਹੈ, ਮੇਰੀ ਝੰਡਾ ਹੈ, ਮੇਰੀ ਸ਼ਕਤੀ ਹੈ, ਮੇਰੀ ਇੱਜਤ ਹੈ। ਗੁਰੂ ਪਬਿੰਦ ਸਿੰਘ ਜੀ ਜਦੋਂ ਖਾਲਸੇ ਵਾਸਤੇ ਅਜਿਹੇ ਭਾਵ ਪ੍ਰਗਟਾਂਦੇ ਹਨ ਤਾਂ ਇਹ ਵਿਸ਼ਵਾਸ ਵੀ ਸੁੱਤੇ ਸਿੱਧ ਉਭਰ ਪੈਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਸਿਰਜਨਾਤਮਿਕ ਜਾਂ ਸਹਿਜ-ਮੰਡਲ ਦਾ ਹੀ ਵਾਸ ਹੈ, ਤੇ ਇਸ ਸਿਰਜਨਾਤਮਿਕ ਜਾਂ ਸਹਿਜ-ਮੰਡਲ ਵਿਚੋਂ ਹੀ 'ਖਾਲਸੇ' ਦੀ ਰਚਨਾ ਹੋਈ ਹੈ।

ਸਿਰਜਨਾਤਮਿਕ-ਮੰਡਲ ਵਿਚ ਜਿਸ ਕਿਸੇ ਦਾ ਵੀ ਵਾਸ ਹੈ, ਉਸ ਦਾ ਪਹਿਲਾ ਲੱਛਣ ਇਹ ਹੁੰਦਾ ਹੈ ਕਿ ਉਹ 'ਸਦ-ਜਾਗੰਤਾ' (ਸਦਾ ਜਾਗਦਾ ਰਹਿ ਕੇ ਜੀਉਂਦਾ ਹੈ। ਸਦ ਜਾਗੰਤਾ ਰਹਿ ਕੇ ਜੀਉਣ ਦਾ ਭਾਵ ਇਹ ਹੈ ਕਿ ਉਸ ਨੇ ਕਦੀ ਵੀ ਕੱਚ-ਪੱਖੀ ਜਾਂ ਵਿਕਾਰ-ਪੱਖੀ ਕੀਮਤਾਂ ਦੀ ਪ੍ਰੋੜਤਾ ਨਹੀਂ ਕੀਤੀ, ਤੇ ਸੱਚ-ਪੱਖੀ ਤੇ ਦੈਵੀ ਕੀਮਤਾਂ ਦੀ ਕਦੀ ਵਿਰੋਧਤਾ ਨਹੀਂ ਕੀਤੀ। ਸੱਚ, ਸੰਤੋਖ, ਸਹਿਜ ਤੇ ਸੁਤੰਤਰਤਾ ਦੀਆਂ ਕੀਮਤਾਂ ਉਤੇ ਉਹ ਸਦਾ ਪਹਿਰਾ ਦਿੰਦਾ ਹੈ। ਇਹਨਾਂ ਵੱਡੀ ਕੀਮਤਾਂ ਦੀ ਸੁਰੱਖਿਆ ਨਮਿੱਤ ਜੇ ਕਿਤੇ ਕੁਰਬਾਨੀ ਦੇਣ ਦੀ ਲੋੜ ਪਏ, ਤਾਂ ਉਹ ਕੁਰਬਾਨੀ ਦੇਣੋਂ ਵੀ ਝਿਜਕਦਾ ਨਹੀਂ। ਮੌਤ ਨਾਲ ਮਖ਼ੌਲ ਕਰਨਾ ਤਾਂ ਉਸ ਦਾ ਸੁਭਾਅ ਬਣ ਜਾਂਦਾ ਹੈ। ਇਹੀ ਕਾਰਨ ਹੈ ਕਿ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਦਾ ਪਹਿਲਾ ਲੱਛਣ ਇਹੀ ਹੈ ਕਿ ਉਹ ਸਦਾ ਜਾਗ ਕੇ ਜੀਉਂਦਾ ਹੈ। ਉਸ ਦੀ ਹੋਂਦ ਵਿਚੋਂ ਨਾ 'ਸਭਿਅਤਾ ਕੱਢੀ ਜਾ ਸਕਦੀ ਹੈ, ਨਾ ਇਸਦੇ ਘਰ ਨੂੰ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਦੇਸ਼ ਦੇ ਕਿਸੇ ਧਰਤੀ-ਭਾਗ ਉਤੇ ਵਿਦੇਸ਼ੀ ਕਬਜ਼ਾ ਕਰ ਸਕਦਾ ਹੈ। 'ਸਦ ਜਾਗੰਤਾ' ਮਨੁੱਖ ਸਦਾ ਉਤਸ਼ਾਹ, ਜੋਸ਼ ਤੇ ਦਲੇਰੀ ਵਿਚ ਜੀਉਂਦਾ ਹੈ। ਉਸ ਦਾ ਆਤਮ-ਵਿਸ਼ਵਾਸ ਤੇ ਆਤਮ-ਬੱਲ ਮਹਾਨ ਤੋਂ ਮਹਾਨ 'ਯੋਧੇ ਵਰਗਾ ਹੀ ਹੁੰਦਾ ਹੈ। ਜਿਵੇਂ ਮਹਾਨ 'ਯੋਧਾ' ਰਣ-ਖੇਤਰ ਵਿਚ ਸਨਮੁਖ ਹੋ ਕੇ ਜੂਝਦਾ ਹੈ, ਕਿਸੇ 'ਪਰ-ਮਾਲ' ਨੂੰ ਨਾ ਤਾਂ ਹੱਥ ਲਗਾਂਦਾ ਹੈ ਅਤੇ ਨਾ ਹੀ ਉਸ ਉਤੇ ਪੱਕਾ ਕਬਜ਼ਾ ਜਮਾਉਂਦਾ ਹੈ। ਇਸੇ ਤਰ੍ਹਾਂ ਗੁਰੂ ਜੀ ਨੇ ਜਿਸਨੂੰ ਸਿਰਜਨਾਤਮਿਕ-ਮੰਡਲ ਕਿਹਾ ਅਤੇ ਜਿਸ ਖਾਲਸੇ' ਦੀ ਰਚਨਾ ਕੀਤੀ ਹੈ, ਉਸ ਨੂੰ ਅਜਿਹੇ ਅਨੁਭਵੀ ਵਿਰਸੇ' ਦਾ ਮਾਲਕ ਬਣਾਇਆ ਹੈ, ਜਿਸ ਸਦਕਾ, ਉਹ ਸਦਾ ਜਾਗ ਕੇ, ਜੀਵੰਤ ਰਹਿ ਕੇ, ਇਕ ਮਹਾਨ 'ਯੋਧੇ' ਵਰਗਾ ਜੀਵਨ ਜੀਉਂਦਾ ਹੈ।

'ਯੋਧਾ' ਕਿਸੇ ਵੀ ਰਣ-ਖੇਤਰ ਦਾ ਹੋਵੇ, ਉਹ ਹਰ ਤਰ੍ਹਾਂ ਦੇ ਭੈ ਤੋਂ ਸੁਤੰਤਰ ਹੁੰਦਾ ਹੈ। ਜ਼ਿੰਦਗੀ ਵਿਚ 'ਮੌਤ' ਦੇ ਭੈ ਨੂੰ ਹੀ ਸਭ ਤੋਂ ਵੱਡਾ ਤੇ ਸਵੀਕਾਰ ਕੀਤਾ ਜਾਂਦਾ ਹੈ। ਬਾਕੀ ਦੇ ਹੋਰ ਜਿੰਨੇ 'ਭੈ' ਹਨ, ਉਹ ਲਗ-ਭਗ ਮਨੁੱਖ ਦੇ ਆਪਣੇ ਮਨ ਦੇ 'ਸ਼ੋਰ' ਦਾ ਹੀ ਪ੍ਰਗਟਾਵਾ ਹਨ। 'ਯੋਧਾ' ਜਿਥੇ ਦੁਨਿਆਵੀ ਸ਼ੋਰ ਤੇ ਲੇਪ ਤੋਂ ਮੁਕਤ ਹੋ ਕੇ ਜੀਉਂਦਾ ਹੈ, ਉਥੇ ਉਹ ਕਿਸੇ ਮਹਾਨ ਆਦਰਸ਼ ਦੀ ਪ੍ਰਾਪਤੀ ਵਾਸਤੇ ਵੀ ਜੂਝ ਰਿਹਾ ਹੁੰਦਾ ਹੈ। ਮਹਾਨ ਆਦਰਸ਼ ਦੀ ਪ੍ਰਾਪਤੀ 'ਜੂਝ ਮਰੌਂ" ਦੀ ਦ੍ਰਿੜ੍ਹ ਬਿਰਤੀ ਨਾਲ ਹੀ ਹੋ ਸਕਦੀ ਹੈ, ਕਿਸੇ ਹੋਰ ਸਾਧਨ ਦੁਆਰਾ ਨਹੀਂ। ਜਿਹੜਾ 'ਯੋਧਾ' ਮੌਤ ਤੋਂ ਭੈ ਖਾਂਦਾ ਹੈ, ਉਹ ਸਰੀਰਕ ਤੌਰ ਤੇ ਜਿੰਨਾ ਮਰਜ਼ੀ ਬਲਵਾਨ ਹੋਵੇ, ਉਸ ਨੂੰ ਰਣਨੀਤੀ ਦਾ ਸਿੱਧ ਨਹੀਂ ਆਖਿਆ ਜਾ ਸਕਦਾ ਅਤੇ ਨਾ ਹੀ ਉਹ ਕਿਸੇ ਮਹਾਨ ਆਦਰਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਜਿਨ੍ਹਾਂ ਜਾਗਦੇ ਯੋਧਿਆਂ (ਖਾਲਸੇ) ਦੀ ਸਿਰਜਨਾ ਦਸਮ ਗੁਰੂ-ਜੋਤਿ ਨੇ ਕੀਤੀ, ਉਸ ਬਾਰੇ ਉਹਨਾਂ ਆਪ ਸਪੱਸ਼ਟ ਆਖਿਆ ਹੈ, ਕਿ ਇਹ ਖਾਲਸਾ ਵਾਹਿਗੁਰੂ ਦਾ ਹੈ, ਤੇ ਇਸ ਦਾ 'ਸਾਜਨਾ-ਆਦਰਸ਼ 'ਵਾਹਿਗੁਰੂ' ਦੀ

ਫ਼ਤਹ ਪ੍ਰਾਪਤੀ ਵਾਸਤੇ ਵਾਤਾਵਰਣ ਪੈਦਾ ਕਰਨਾ ਵੀ ਹੈ ਤੇ ਵਿਸ਼ੇ-ਵਿਕਾਰਾਂ ਵਿਰੁੱਧ ਜੂਝ ਮਰਨਾ ਵੀ ਹੈ। ਭਾਵੇਂ ਗੁਰੂ ਤੇਗ਼ ਬਹਾਦਰ ਜੀ ਤਕ, ਇਸ ਖਾਲਸੇ ਦੀ ਸਪੱਸ਼ਟ ਰੂਪ ਵਿਚ ਕੋਈ ਹੋਂਦ ਨਹੀਂ ਸੀ ਜਿਸ ਦੀ ਸਿਰਜਨਾ ਦਸਮ ਪਾਤਿਸ਼ਾਹ ਰਾਹੀਂ ਵਿਸਾਖੀ ੧੬੯੯ ਨੂੰ ਹੁੰਦੀ ਹੈ, ਪਰ 'ਖਾਲਸੇ' ਨੂੰ ਜਿਸ 'ਵਾਹਿਗੁਰੂ ਦਾ ਆਖ ਕੇ, ਤੇ ਜਿਸ ਚਰਿੱਤਰ ਤੇ ਆਦਰਸ਼ ਦਾ ਉਸ ਨੂੰ ਰਹੱਸ ਸਮਝਾਇਆ ਗਿਆ ਹੈ, ਉਸ 'ਵਾਹਿਗੁਰੂ' ਦੀ ਸਰਬ ਸ਼ਕਤੀ-ਮਾਨਤਾ ਤੇ ਸਰਬ-ਵਿਆਪਕਤਾ ਦੀ ਹੋਂਦ ਦਾ ਰਹੱਸ ਤਾਂ ਪਹਿਲੀਆਂ ਗੁਰੂ-ਸ਼ਖ਼ਸੀਅਤਾਂ ਭਾਰਤ-ਵਾਸੀਆਂ ਨੂੰ ਸਮਝਾ ਚੁਕੀਆਂ ਸਨ। ਜਦੋਂ ਗੁਰੂ ਨਾਨਕ-ਜੋਤਿ ਨੇ ਮਨੁੱਖਤਾ ਨੂੰ ਇਹ ਸਮਝਾਇਆ ਸੀ, ਕਿ 'ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ' ਤਾਂ ਇਹ ਉਹੀ ਚਰਿੱਤਰ ਸੀ, ਜਿਹੜਾ ਮਨੁੱਖ ਨੂੰ ਜੂਝ ਮਰੋ ਦੀ ਦ੍ਰਿੜ੍ਹ ਬਿਰਤੀ ਵਾਲਾ ਯੋਧਾ ਵੀ ਬਣਾਂਦਾ ਹੈ ਤੇ ਮੋਹ-ਮਾਇਆ ਦੀਆਂ ਕੀਮਤਾਂ ਨਾਲ ਨਿਰਲੇਪ ਸੰਬੰਧ ਰਖ ਕੇ, 'ਵਾਹਿਗੁਰੂ' ਦਾ ਵੀ ਬਣਾਂਦਾ ਹੈ। 'ਵਾਹਿਗੁਰੂ' ਦਾ ਬਣਨ ਵਾਸਤੇ 'ਦੇਹ' ਤੋਂ ਮੁਕਤ ਤੇ ਸੁਰਤਿ ਦੀ ਅਵਸਥਾ ਵਿਚ ਜੀਉਣਾ ਜਰੂਰੀ ਹੈ। 'ਵਾਹਿਗੁਰੂ' ਵਾਲਾ ਕਦੀ ਵੀ 'ਦੇਹ' ਵਿਚ ਨਹੀਂ ਜੀਉਂਦਾ ਅਤੇ ਨਾ ਹੀ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ 'ਦੇਹ' ਨੂੰ ਇਕ ਟੀਚਾ ਮਿਥਦਾ ਹੈ। ਗੁਰੂ ਰਾਮਦਾਸ-ਪਾਤਿਸ਼ਾਹ ਵੀ ਜਦੋਂ ਆਪਣੇ ਛੰਦਾਂ ਵਿਚ 'ਜੀਵਨ-ਮੁਕਤਿ ਸੋ ਆਖੀਐ' 'ਮਰਿ ਜੀਵੈ ਮਰੀਆ' ਦਾ ਭਾਵ ਪ੍ਰਗਟਾਂਦੇ ਹਨ, ਤਾਂ ਇਥੇ ਵੀ ਉਹ ਇਹੀ ਪੱਖ ਸਪੱਸ਼ਟ ਕਰਦੇ ਹਨ, ਕਿ ਸਦ-ਜੀਵੰਤ-ਜੀਵਨ ਤਾਂ ਦੇਹ ਜਾਂ ਮੌਤ ਦੇ ਭੈ ਤੋਂ ਮੁਕਤ ਹੋ ਕੇ ਹੀ ਜੀਵਿਆ ਜਾ ਸਕਦਾ ਹੈ। ਜਿਸ ਜੀਵਨ ਵਿਚ ਹਮੇਸ਼ਾ ਮੌਤ ਦਾ ਭੈ ਪ੍ਰਧਾਨ ਹੈ, ਉਹ ਜੀਵਨ ਦੇਹ-ਕੀਮਤਾਂ ਦੇ ਮੋਹ ਤੋਂ ਕਦੀ ਵੀ ਛੁਟਕਾਰਾ ਨਹੀਂ ਪਾ ਸਕਦਾ। ਗੁਰੂ-ਜੋਤਿ ਦਾ ਸਤਿ ਇਹੀ ਹੈ ਕਿ ਦੇਹ-ਕੀਮਤਾਂ ਤੋਂ ਸੁਤੰਤਰ ਹੋ ਕੇ ਹੀ ਸਹਿਜ ਜਾਂ ਸਿਰਜਨਾਤਮਿਕ-ਮੰਡਲ ਵਿਚ ਜੀਵਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ 'ਖਾਲਸੇ' ਦੀ ਸਿਰਜਨਾ ਕੀਤੀ ਹੈ, ਉਹ ਨਾ ਤਾਂ 'ਦੇਹ' ਨੂੰ ਕੋਈ ਮਹੱਤਵ ਦਿੰਦਾ ਹੈ, ਨਾਂ ਹੀ ਮੋਹ-ਮਾਇਆ ਦੀਆਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਪਹਿਲ ਦਿੰਦਾ ਹੈ, ਅਤੇ ਨਾ ਹੀ ਕਿਸੇ ਤਰ੍ਹਾਂ ਦੇ ਦੁਨਿਆਵੀ ਭੈ ਨੂੰ ਸਵੀਕਾਰ ਕਰਦਾ ਹੈ। ਹਾਂ ਰੱਬੀ-ਭੈ ਜਾਂ ਦੈਵੀ-ਭੈ ਦੀ ਆਗਿਆਕਾਰੀ ਵਿਚ ਰਹਿਣਾ ਉਹ ਆਪਣਾ ਪਹਿਲਾ ਤੇ ਵਫ਼ਾਦਾਰੀ ਕਰਤੱਵ ਮੰਨਦਾ ਹੈ। ਇਹੀ ਕਾਰਨ ਹੈ ਕਿ 'ਖਾਲਸੇ' ਦਾ ਸਿਰਜਨਾਤਮਿਕ-ਮੰਡਲ ਜੇ ਸ਼ੁਭ-ਆਤਮਕ ਹੈ ਤਾਂ ਉਸ ਦਾ ਵੀਚਾਰ-ਆਦਰਸ਼ ਵੀ ਬੜਾ ਸਾਰਥਿਕ ਹੈ।

ਖਾਲਸੇ ਦਾ 'ਵੀਚਾਰ-ਆਦਰਸ਼' ਉਹੀ ਹੈ, ਜਿਸ ਦਾ ਆਦਿ-ਆਰੰਭ ਗੁਰੂ ਨਾਨਕ-ਪਾਤਿਸ਼ਾਹ ਨੇ ਕੀਤਾ ਸੀ, ਤੇ ਜਿਸ ਦਾ ਸੰਪੂਰਨ ਸਿਖਰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕੀਤਾ ਹੈ। 'ਖਾਲਸਾ' ਆਪਣੇ ਆਪ ਵਿਚ ਇਕ ਬਿੰਬ ਹੈ, ਇਕ ਪੂਰਨ ਅਤੇ ਜੀਉਂਦੀ ਜਾਗਦੀ ਜ਼ਿੰਦਗੀ ਹੈ-ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੀਚਾਰ-ਆਦਰਸ਼ ਨੂੰ ਪੇਸ਼ ਕਰਨ ਦੀ। ਇਸੇ ਕਰਕੇ ਖਾਲਸੇ ਦੇ ਸਿਰਜਨਾਤਮਿਕ-ਮੰਡਲ ਨੂੰ ਰੱਚਣ ਵੇਲੇ ਜਿਨ੍ਹਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ, ਉਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਵੀ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਹੈ। ਭਾਵੇਂ ਸਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਮ-ਪਾਤਿਸ਼ਾਹ ਦੀ ਬਾਣੀ ਨਹੀਂ, ਪਰ ਇਸ ਬਾਣੀ-ਗੁਰੂ ਗ੍ਰੰਥ ਸਾਹਿਬ ਨੂੰ ਹੀ ਦੱਸਾਂ ਪਾਤਿਸ਼ਾਹੀਆਂ ਦੀ ਜਾਗਦੀ ਜੋਤਿ ਕਹਿ ਕੇ ਸਵੀਕਾਰਿਆ ਤੇ ਸਤਿਕਾਰਿਆ ਜਾਂਦਾ ਹੈ। ਜੋ 'ਗੁਰੂ-ਬਾਣੀ' ਗੁਰੂ-ਜੋਤਿ ਦਾ ਪ੍ਰਕਾਸ਼ ਹੈ, ਤੇ ਗੁਰੂ-ਜੋਤਿ ਦਾ ਖਾਲਸੇ ਵਿਚ 'ਵਾਸ' ਹੈ, ਤਾਂ ਸਪੱਸ਼ਟ ਹੈ ਕਿ 'ਖਾਲਸੇ' ਦਾ ਵੀਚਾਰ-ਆਦਰਸ਼ ਉਹੀ ਹੈ, ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀਚਾਰ-ਆਦਰਸ਼ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੀਚਾਰ-ਆਦਰਸ਼ ਨੂੰ 'ਆਤਮ-ਸ਼ੁੱਧੀ' ਦਾ ਆਦਰਸ਼ ਆਖਿਆ ਜਾ ਸਕਦਾ ਹੈ। ਆਤਮ-ਬੁੱਧੀ ਵਿਚ ਵਿਕਾਰਾਂ ਦਾ ਨਾਸ਼ ਵੀ ਹੈ, ਤੇ ਪ੍ਰਮਾਤਮਾ ਨਾਲ ਮਿਲਾਪ ਵੀ ਹੈ। ਜੇ 'ਆਤਮਾ' ਨੂੰ ਵਿਕਾਰ- ਮੋਹ, ਭਰਮ-ਅਗਿਆਨ ਤੇ ਪਾਪ-ਬਿਰਤੀ ਤੋਂ ਸੁਤੰਤਰ ਕਰ ਲਿਆ ਜਾਵੇ, ਤਾਂ 'ਆਤਮਾ' ਦਾ ਰੂਪ 'ਪ੍ਰਮਾਤਮਾ' ਵਾਲਾ ਹੋ ਜਾਂਦਾ ਹੈ। ਪ੍ਰਮਾਤਮਾ ਦੀ ਏਕਤਾ, ਅਨੇਕਤਾ ਤੇ ਵਿਆਪਕਤਾ ਦਾ ਪੂਰਨ ਤੇ ਦਿੱਬ ਅਹਿਸਾਸ ਉਸੇ ਵਿਅਕਤੀ ਨੂੰ ਹੀ ਹੋ ਸਕਦਾ ਹੈ, ਜਿਸ ਨੇ ਆਪਣੀ ਆਤਮਾ ਨੂੰ ਸ਼ੁੱਧ ਕਰ ਲਿਆ ਹੈ, ਮੈਲ ਤੋਂ ਪੂਰੀ ਤਰ੍ਹਾਂ ਮੁਕਤ ਕਰ ਲਿਆ ਹੈ। ਇਹੀ ਕਾਰਨ ਹੈ ਕਿ ਜਿਹੜਾ 'ਸਿੱਖ ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਦਾਖ਼ਲ ਹੋਣ ਲਗਦਾ ਹੈ, ਉਸ ਨੂੰ ਪਹਿਲਾਂ ਪੁੱਛ ਲਿਆ ਜਾਂਦਾ ਹੈ, ਹੇ ਗੁਰਸਿੱਖਾ! ਤੂੰ ਕੇਸਾਂ ਸਮੇਤ ਸਰੀਰ ਦਾ ਇਸ਼ਨਾਨ ਕਰ ਲਿਆ ਹੈ। ਕੇਸਾਂ ਤੇ ਸਰੀਰ ਦੇ ਇਸ਼ਨਾਨ ਦਾ ਭਾਵ ਇਹੀ ਹੈ, ਕਿ ਕੀ ਗੁਰਸਿਖਾ! ਤੂੰ ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਪਰਵੇਸ਼ ਕਰਨ ਵਾਸਤੇ ਤਿਆਰ-ਬਰ-ਤਿਆਰ ਹੈਂ, ਜਿਸ ਨੇ ਆਪਣੇ ਅਨੁਭਵ

ਨੂੰ, ਆਪਣੇ ਵੀਚਾਰ- ਆਦਰਸ਼ ਨੂੰ ਤੇ ਆਪਣੇ ਸਰੂਪ ਨੂੰ ਨਿਖਾਲਸ ਕਰ ਲਿਆ ਹੈ, ਉਹੀ ਸਿਰਜਨਾਤਮਿਕ-ਮੰਡਲ ਵਿਚ ਪ੍ਰਵੇਸ਼ ਕਰ ਸਕਦਾ ਹੈ, ਉਸੇ ਨੂੰ ਹੀ ਖਾਲਸੇ ਦੇ ਦੈਵੀ-ਗੌਰਵ ਦਾ ਮਾਣ ਪ੍ਰਾਪਤ ਹੋ ਸਕਦਾ ਹੈ। ਜਦੋਂ 'ਸਿੱਖ ਅੰਮ੍ਰਿਤ-ਮੰਡਲ ਵਿਚ ਬੈਠ ਕੇ, ਅੰਮ੍ਰਿਤ-ਪ੍ਰਾਪਤੀ ਵਾਸਤੇ ਇੱਛਾ ਪ੍ਰਗਟਾਅ ਰਿਹਾ ਹੁੰਦਾ ਹੈ, ਤਾਂ ਪੰਜਾਂ ਪਿਆਰਿਆਂ ਵਿਚੋਂ ਮੁਖੀ ਪਿਆਰਾ, ਪਹਿਲਾਂ ਉਸ ਨੂੰ ਅੰਮ੍ਰਿਤ-ਪ੍ਰਾਪਤੀ ਦਾ ਆਦਰਸ਼ ਸਮਝਾਂਦਾ ਹੈ, ਫਿਰ ਉਸ ਨੂੰ ਸਥਾਪਿਤ ਕੀਤੇ ਦਸਮ ਪਾਤਿਸ਼ਾਹ ਦੇ ਕਕਾਰ-ਸਰੂਪ ਦਾ ਮਹੱਤਵ ਸਮਝਾਂਦਾ ਹੈ, ਫਿਰ ਉਸ ਨੂੰ ਪੂਰਨ ਰੂਪ ਵਿਚ ਸ਼ੁੱਧ ਕਰਨ ਵਾਸਤੇ ਪਹਿਲਾਂ ਉਸ ਦੇ ਕੇਸਾਂ ਨੂੰ ਅੰਮ੍ਰਿਤ ਨਾਲ ਸ਼ਿੰਗਾਰਿਆ ਜਾਂਦਾ ਹੈ। ਤਾਂਕਿ, 'ਕੇਸ' ਅੰਮ੍ਰਿਤ ਦੇ ਗੌਰਵ ਨੂੰ ਬੁੱਝ ਸਕਣ ਤੇ ਦਿਮਾਗੀ ਗ਼ੁਲਾਮੀ ਨੂੰ ਛੱਡ ਸਕਣ। ਫਿਰ ਉਸ ਦੀਆਂ ਭਾਵਨਾਵਾਂ ਤੋਂ ਮੁਕਤ ਹੋ ਸਕਣ ਤੇ ਦਿੱਬ ਪ੍ਰਕਾਸ਼ ਨੂੰ ਵੇਖ ਸਕਣ। ਅਖ਼ੀਰ ਉਸ ਦੇ ਹਿਰਦੇ ਨੂੰ ਅੰਮ੍ਰਿਤ ਪਿਲਾਇਆ ਜਾਂਦਾ ਹੈ, ਤਾਂਕਿ 'ਹਿਰਦਾ' ਅੰਮ੍ਰਿਤ ਪੀ ਕੇ ਪਾਵਨ ਤੇ ਅਮਰ ਹੋ ਜਾਏ। ਅੰਮ੍ਰਿਤ-ਮੰਡਲ ਵਿਚ ਬੈਠੇ ਸਿੱਖ ਨੂੰ ਇਹ ਜੋ ਦਿੱਬ ਚਮਤਕਾਰ ਦਿਖਾਇਆ ਜਾਂਦਾ ਹੈ, ਇਸ ਦਾ ਮੁੱਖ ਆਦਰਸ਼ ਇਹੀ ਹੁੰਦਾ ਹੈ, ਕਿ ਸਿੱਖ ਆਪਣੇ ਅਨੁਭਵ, ਜੀਵਨ-ਆਦਰਸ਼ ਤੇ ਸਰੂਪ ਨੂੰ ਖਾਲਸਈ ਅਨੁਭਵ, ਆਦਰਸ਼ ਤੇ ਸਰੂਪ ਵਿਚ ਬਦਲ ਲਵੇ। ਸਿਰਜਨਾਤਮਿਕ-ਮੰਡਲ ਵਿਚ ਪਰਵੇਸ਼ ਕਰਨ ਤੋਂ ਪਹਿਲਾਂ 'ਸਿੱਖ' ਅਧੂਰਾ ਹੁੰਦਾ ਹੈ, ਤੇ ਸਿਰਜਨਾਤਮਿਕ-ਮੰਡਲ ਇਸੇ ਕਰਕੇ 'ਖਾਲਸਾ' ਪੂਰਨ-ਪੁਰਖ ਭਗਵੰਤ ਨੂੰ ਹੀ ਆਪਣਾ ਇਸ਼ਟ ਸਵੀਕਾਰ ਕਰਦਾ ਹੈ, (ਕਿਸੇ ਹੋਰ ਦੇਵੀ-ਦੇਵਤੇ ਜਾਂ ਅਵਤਾਰ ਨੂੰ ਨਹੀਂ) ਤੇ ਉਸ ਵਰਗੀ ਹੀ ਅੰਮ੍ਰਿਤ-ਮਈ, ਵੈਰ ਤੇ ਭਉ-ਮੁਕਤ ਤੇ ਸੁਧ-ਰੂਪ ਵਿਚ ਗੌਰਵ ਵਾਲੀ ਜ਼ਿੰਦਗੀ ਹੀ ਜੀਉਂਦਾ ਹੈ। ਇਸੇ ਜ਼ਿੰਦਗੀ ਵਿਚ ਹੀ ਉਹ ਆਪਣੀ ਗਤੀ ਤੇ ਆਤਮ-ਪ੍ਰਗਤੀ ਮੰਨਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਜਿਸ ਕਕਾਰ-ਸਰੂਪ ਵਿਚ ਸਜਾਇਆ ਹੈ, ਉਹ ਵੀ ਸਾਖੀ ਭਰਦਾ ਹੈ, ਕਿ 'ਖਾਲਸਾ' ਸਿਰਜਨਾਤਮਿਕ-ਮੰਡਲ ਦੀ ਹੀ ਉਪਜ ਹੈ। ਜਿਵੇਂ 'ਸਿਰਜਨਾਤਮਿਕ-ਮੰਡਲ' ਸ਼ੁੱਧ, ਸੁਤੰਤਰ ਤੇ ਸਾਰਥਿਕ ਉਸਾਰੀ ਦਾ ਸੋਮਾ ਬਣਦਾ ਹੈ, ਕੁਝ ਇਸੇ ਤਰ੍ਹਾਂ ਹੀ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਨੂੰ ਜਿੱਥੇ ਸ਼ੁਧ, ਸੁਤੰਤਰ ਤੇ ਸਾਰਥਿਕ ਚਰਿੱਤਰ ਦਾ ਮਾਲਕ ਬਣਾਇਆ ਗਿਆ ਹੈ, ਉਥੇ ਉਸ ਨੂੰ ਕਕਾਰ-ਜ਼ਬਤ ਵਿਚ ਢਾਲ ਕੇ, ਇਕ ਤਾਂ ਉਸ ਨੂੰ ਹਿੰਦੂ-ਮੁਸਲਮਾਨਾਂ ਤੋਂ ਨਿਆਰਾ ਕਰ ਦਿੱਤਾ ਗਿਆ ਹੈ, ਤੇ ਦੂਜਾ 'ਮਰਦ' ਜਾਂ 'ਮਰਦਾਨਾ' ਦਾ ਜੇਤੂ ਰਹੱਸ ਵੀ ਉਸ ਨੂੰ ਬੁਝਾ ਦਿੱਤਾ ਗਿਆ ਹੈ। ਖਾਲਸੇ ਨੂੰ ਸਿਰਜਨਾਤਮਿਕ-ਮੰਡਲ ਵਿਚੋਂ ਰੱਚਣ ਦਾ ਮੂਲ ਕਾਰਨ ਇਹੀ ਸੀ, ਕਿ ਉਹ ਆਪਣੇ ਮਰਦ-ਚਰਿੱਤਰ ਨੂੰ ਸਥਿਰ ਰੱਖ ਸਕੇ। ਮਰਦ-ਚਰਿੱਤਰ ਨੂੰ ਸਥਿਰ ਰੱਖਣ ਵਾਸਤੇ ਸ਼ਸਤਰਧਾਰੀ ਹੋਣਾ ਲਾਜ਼ਮੀ ਹੈ। 'ਪੰਜ-ਕਕਾਰ' ਖਾਲਸੇ ਨੂੰ - ਜ਼ਬਤ ਵਿਚ ਰੱਖਣ ਦਾ ਹੀ ਮਨੋਵਿਗਿਆਨਕ ਆਧਾਰ ਹਨ। ਜਿਵੇਂ 'ਟਕਸਾਲ' ਵਿਚੋਂ ਨਿਕਲੀ 'ਮੁਹਰ' ਦੀ ਪ੍ਰਮਾਣਿਕਤਾ ਤੇ ਸਾਰਥਿਕਤਾ ਉਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ, ਕੁਝ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਕਕਾਰ-ਜ਼ਬਤ ਦੀ ਪ੍ਰਮਾਣਿਕਤਾ ਤੇ ਸਾਰਥਿਕਤਾ ਬਾਰੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। 'ਸਿੱਖ' ਨੂੰ ਅੰਮ੍ਰਿਤ ਛਕਾ ਕੇ, ਜਦੋਂ 'ਕਕਾਰ-ਸਰੂਪ' ਵਿਚ ਸਜਾਇਆ ਜਾਂਦਾ ਹੈ, ਤਾਂ ਉਸ ਦੇ ਅਚੇਤ ਤੇ ਸੁਚੇਤ ਮਨ ਨੂੰ, ਇਹ ਵਿਸ਼ਵਾਸ ਤੇ ਇਹ ਅਹਿਸਾਸ ਵੀ ਕਰਵਾ ਦਿੱਤਾ ਜਾਂਦਾ ਹੈ, ਕਿ 'ਕਕਾਰ-ਜ਼ਬਤ' ਜਿਥੇ ਖਾਲਸੇ ਦੇ ਸਰੀਰ ਦਾ ਸਦੀਵੀ ਅੰਗ ਹੈ, ਉਥੇ 'ਕਕਾਰ-ਜ਼ਬਤ' ਉਸ ਦੇ ਜੀਵਨ-ਵਿਹਾਰ ਦਾ ਵੀ ਵਿਸ਼ੇਸ਼ ਹਿੱਸਾ ਹੈ। 'ਕਕਾਰ-ਜ਼ਬਤ' ਨੇ ਹੀ ਤਾਂ ਖਾਲਸੇ ਦੇ 'ਆਤਮ-ਚਰਿੱਤਰ' ਨੂੰ ਸਥਿਰ ਰੱਖਣਾ ਹੈ, ਤੇ ਆਤਮਕ ਚਰਿੱਤਰ ਨੇ ਹੀ ਖਾਲਸੇ ਦੇ ਕਕਾਰ-ਜ਼ਬਤ ਦੀ ਸੁਰੱਖਿਆ ਕਰਨੀ ਹੈ। ਆਤਮ-ਚਰਿੱਤਰ ਤੇ ਕਕਾਰ-ਜ਼ਬਤ ਆਪਸ ਵਿਚ ਓਤ-ਪੋਤ ਹਨ। 'ਆਤਮ-ਚਰਿੱਤਰ' ਜੇ ਕਕਾਰ-ਜ਼ਬਤ ਦੀ ਸਾਰਥਿਕਤਾ ਨੂੰ ਪ੍ਰਗਟਾਂਦਾ ਹੈ, ਤਾਂ 'ਕਕਾਰ-ਜ਼ਬਤ' ਖਾਲਸੇ ਦੇ ਗੌਰਵ ਨੂੰ ਵਧਾਂਦਾ ਹੈ। ਇਸੇ ਕਰਕੇ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਜਾਣ ਵਾਲੇ ਖਾਲਸੇ ਦੀ 'ਆਤਮਾ' ਨੂੰ ਪਹਿਲਾਂ ਬਾਣੀ-ਅੰਮ੍ਰਿਤ ਨਾਲ ਪ੍ਰਚੰਡ ਕੀਤਾ ਜਾਂਦਾ ਹੈ, ਫਿਰ ਖੰਡੇ ਨਾਲ ਤਿਆਰ ਕੀਤਾ 'ਅੰਮ੍ਰਿਤ' ਉਸ ਦੇ ਹਿਰਦੇ ਨੂੰ ਛਕਾ ਕੇ, ਉਸ ਨੂੰ ਲੋਹ ਪੁਰਸ਼ ਬਣਾ ਦਿੱਤਾ ਜਾਂਦਾ ਹੈ। ਫਿਰ ਕਕਾਰ-ਜ਼ਬਤ ਵਿਚ ਸਜਾ ਕੇ ਉਸ ਨੂੰ ਸਦੀਵੀ ਰੂਪ ਵਿਚ ਇਕ 'ਅਨੁਭਵੀ-ਵਿਰਸੇ' ਦਾ ਪਹਿਰੇਦਾਰ ਠਹਿਰਾ ਦਿੱਤਾ ਜਾਂਦਾ ਹੈ।

ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਦਾ ਕਰਤੱਵ ਸੱਚਮੁੱਚ ਹੀ ਇਕ 'ਪਹਿਰੇਦਾਰ' ਦਾ ਹੀ ਕਰਤੱਵ ਹੈ। ਉਸ ਨੇ ਆਪਣੇ ਆਤਮ-ਚਰਿੱਤਰ ਤੇ ਕਕਾਰ-ਜ਼ਬਤ ਉਤੇ ਵੀ ਪਹਿਰਾ ਦੇਣਾ ਹੈ, ਮਨੁੱਖਤਵ ਦੀ ਲੱਜ ਤੇ ਪਤਿ ਉਤੇ ਵੀ ਪਹਿਰਾ ਦੇਣਾ ਹੈ ਤੇ ਦੇਸ਼ ਦੀ ਸੀਮਾ, ਸਭਿਅਤਾ

ਤੇ ਸੰਸਕ੍ਰਿਤੀ ਉਤੇ ਵੀ ਪਹਿਰਾ ਦੇਣਾ ਹੈ। ਖਾਲਸੇ ਦੇ ਪਿਛਲੇ ਪੌਣੇ ਤਿੰਨ ਸੌ ਸਾਲਾਂ ਦੇ ਕਰਤੱਵ ਨੂੰ ਜੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ, ਤਾਂ ਇਹ ਸਪੱਸਟ ਮੰਨਣਾ ਪਵੇਗਾ, ਕਿ 'ਖਾਲਸਾ' ਇਕ ਪਹਿਰੇਦਾਰ ਦੇ ਕਰਤੱਵ ਨੂੰ ਨਿਬਾਹੁਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ੧੯ਵੀਂ ਸਦੀ ਦੇ ਸ਼ਹੀਦ ਇਸ ਕਰਤੱਵ-ਪੂਰਤੀ ਦਾ ਉਘਾ ਪ੍ਰਮਾਣ ਹਨ। ੨੦ਵੀਂ ਸਦੀ ਵਿਚ ਹਿੰਦ ਤੇ ਪਾਕਿ ਵਿਚਕਾਰ ਹੋਈਆਂ ਜੰਗਾਂ ਵੀ ਇਸ 'ਤੱਥ' ਨੂੰ ਹੋਰ ਸਪੱਸ਼ਟ ਕਰ ਦਿੰਦੀਆਂ ਹਨ, ਕਿ ਸਿਰਜਨਾਤਮਿਕ-ਮੰਡਲ ਵਿਚੋਂ ਰਚਿਆ 'ਖਾਲਸਾ' ਜਿੱਥੇ-ਜਿੱਥੇ ਵੀ ਬੈਠਾ ਹੈ, ਉਹ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਮਿਲੇ ਕਾਰਜ ਤੇ ਕਰਤੱਵ ਨੂੰ ਪੂਰੀ ਵਫਾਦਾਰੀ ਨਾਲ ਨਿਬਾਹ ਰਿਹਾ ਹੈ। ਜੇ 'ਖਾਲਸਾ' ਆਪਣੇ ਕਾਜ ਤੇ ਕਰਤੱਵ ਦੀ ਪੂਰਤੀ ਵਾਸਤੇ ਸਦਾ ਸੁਚੇਤ ਰਹੇ, ਤਾਂ ਦਸਮ ਪਾਤਿਸ਼ਾਹ ਦਾ ਆਪਣਾ ਵਿਸ਼ਵਾਸ ਹੈ, ਕਿ ਉਸ ਦੇ 'ਬਲ' ਤੇ 'ਤੇਜ' ਨੂੰ ਕੋਈ ਵੰਗਾਰ ਨਹੀਂ ਸਕਦਾ।

---

***(ਪੰਨਾ 25 ਦੀ ਬਾਕੀ)***

ਸਿਫਤਾਂ ਮਾਣਸ ਨੂੰ ਦੇਵਤੇ ਵਿਚ ਬਦਲਦੀਆਂ ਹਨ। ਵਰਤਮਾਨ ਸੰਸਾਰ ਵਿਚ ਉਤਪੰਨ ਹੋਈਆਂ ਕਈ ਗੁੰਝਲਦਾਰ ਸਮੱਸਿਆਵਾਂ ਦੇ ਖ਼ਾਤਮੇ ਲਈ ਪੂਰਨ ਗੁਰਸਿਖ ਸੰਤ ਸਿਪਾਹੀ ਦੇ ਮਾਰਗ-ਦਰਸ਼ਨ ਦੁਆਰਾ ਇਸ ਵਿਗਿਆਨਕ ਯੁੱਗ ਵਿਚ ਰਾਮ-ਰਾਜ ਵਰਤਾਉਣ ਦੀ ਲੋੜ ਹੈ।

ਅੰਮ੍ਰਿਤ ਆਪਣੇ ਆਪ ਵਿਚ ਅਖੰਡ ਸਰੂਪ ਹੈ। ਦੂਈ, ਸਬੰਧ, ਈਰਖਾ, ਵੱਖਵਾਦ ਜਾਂ ਘਟਾ ਦਾ ਸੁਤੇ ਸਿੱਧ ਹੀ ਅਭਾਵ ਹੁੰਦਾ ਹੈ। ਅੰਮ੍ਰਿਤ, ਆਪਣੇ-ਬੇਗਾਨੇ, ਭਾਵਾਤ, ਅਮੀਰੀ-ਗਰੀਬੀ, ਚੂੰਬਾ-ਪਰਵਰੀ ਤੇ ਮੁਤਅੱਸਬੀ ਵਿਚਾਰਾਂ ਦੀ ਖਾਈ ਨੂੰ ਹੁਣ ਤਕ ਭਰਦਾ ਆਇਆ ਹੈ ਤੇ ਭਵਿੱਖ ਵਿਚ ਭਰਦਾ ਰਹੇਗਾ। ਮੁਗਲ ਰਾਜ ਨੇ ਦਸਮੇਸ਼ ਪਿਤਾ ਦੇ ਆਬੇ ਹਯਾਤ ਦੀ ਸ਼ਕਤੀ ਨੂੰ ਕਿਸੇ ਨ ਕਿਸੇ ਰੂਪ ਵਿਚ ਸਵੀਕਾਰ ਕੀਤਾ ਹੈ। ਵਰਤਮਾਨ ਹਕੂਮਤ ਨੂੰ ਵੀ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਅੰਮ੍ਰਿਤਧਾਰੀ ਗੁਰਸਿਖ ਆਪਣੇ ਦ੍ਰਿੜ ਵਿਸ਼ਵਾਸ ਤੇ ਸੰਕਲਪ ਦੁਆਰਾ ਬਿਖੜੇ ਪੈਂਡੇ ਤੇ ਚਲਦਾ ਹੋਇਆ ਘਬਰਾਉਂਦਾ ਨਹੀਂ, ਤੇ ਕਠਨ ਤੋਂ ਕਠਨ ਕਾਰਜ ਨੂੰ ਸਿਰ ਚਾੜ ਕੇ ਸਾਹ ਲੈਂਦਾ ਹੈ।

ਐਨੇ ਦੈਵੀ ਗੁਣਾਂ ਦੇ ਹੁੰਦਿਆਂ ਖਾਲਸਾ ਪੰਥ ਵਿਚ ਜਿੰਨੀ ਏਕਤਾ ਤੇ ਸ਼ਕਤੀ ਹੋਣੀ ਚਾਹੀਦੀ ਸੀ, ਓਨੀ ਹੁਣ ਪ੍ਰਤੀਤ ਨਹੀਂ ਹੁੰਦੀ। ਇਸ ਦਾ ਮੁੱਖ ਕਾਰਨ ਦੇ ਖਾਸ ਸ੍ਵੈ-ਵਿਰੋਧੀ ਗੁਣਾਂ ਦੇ ਹੋਣ ਦੀ ਘਾਟ ਹੈ। ਅੰਮ੍ਰਿਤ ਨੇ ਭਗਤੀ ਵੀ ਦਿੱਤੀ ਤੇ ਸ਼ਕਤੀ ਵੀ। ਭਗਤੀ ਰਹਿ ਗਈ ਸੰਤਾਂ, ਭਗਤਾਂ ਤੇ ਸਧਾਰਨ ਗੁਰਸਿੱਖਾਂ ਪਾਸ ਤੇ ਰਾਜਸੀ ਸ਼ਕਤੀ ਦੇ ਮਾਲਕ ਬਣ ਬੈਠੇ ਕੇਵਲ ਰਾਜਨੀਤਕ ਲੀਡਰ। ਇਨ੍ਹਾਂ ਦੋਨਾਂ ਵਰਗਾਂ ਦੀ ਵਿਭਾਰਧਾਰਾ ਏਨੀ ਵੱਖਰੀ ਹੈ, ਜਿਸ ਨੂੰ ਇਕੱਠਾ ਕਰਨਾ ਬਹੁਤ ਕਠਨ ਹੈ। ਸੰਤ ਲੋਕ ਦੁਨਿਆਵੀ ਪਦਵੀ ਤੋਂ ਉੱਪਰ ਤੇ ਲਾਲਚ ਤੋਂ ਖੋਹਾਂ ਦੂਰ, ਰਾਜਨੀਤਕ ਲੀਡਰ ਦੈਵੀ ਗੁਣਾਂ ਤੋਂ ਕੋਰੇ ਅਤੇ ਗੱਦੀ ਦੇ ਲਾਲਚ, ਝੂਠੇ ਵਾਇਦੇ, ਪਾਰਟੀ-ਪੱਖੀ ਤੇ ਬੇਵਸੀ ਦੇ ਚਿੱਕੜ ਵਿਚ ਫਸੇ ਹੁੰਦੇ। ਪਰ ਇਨ੍ਹਾਂ ਸ਼ਕਤੀਆਂ ਦੇ ਨਾ ਹੋਣ ਦਾ ਏਨਾ ਗਿਲਾ ਨਹੀਂ, ਜਾਇਜ਼ ਗਿਲਾ ਤਾਂ ਸਿੱਖ ਧਾਰਮਕ ਆਗੂਆਂ ਤੇ ਹੈ, ਜਿਹੜੇ ਨਿੱਜੀ ਸੁਆਰਥ, ਕੁਰਸੀ ਦੀ ਭੁੱਖ, ਅਹੰ, ਝੂਠੇ ਸਮਾਨ ਦਾ ਸ਼ਿਕਾਰ ਹੋ ਕੇ ਅਲੱਗ-ਅਲੱਗ ਸਿਧਾਂਤਾਂ ਦੇ ਫ਼ਿਰਕਿਆਂ ਵਿਚ ਵੰਡੇ ਗਏ। ਇਹ ਅੰਮ੍ਰਿਤ : ਸਮਾਗਮ ਵਿਚ ਦਰਸਾਏ ਗੁਰ-ਉਪਦੇਸ਼ਾਂ ਨੂੰ ਵਿਸਾਰਨ ਦਾ ਫਲ ਹੈ। ਇਕ ਉਹ ਵੀ ਸਮਾਂ ਸੀ, ਕਿ ਖਾਲਸਾ ਪੰਥ ਵਿਚ ਬਰਨ ਏਕਤਾ, ਨਿਸ਼ਕਾਮ ਸੇਵਾ, ਗੁਰ ਸੰਗੀਤ ਪਿਆਰ, ਭਾਈਚਾਰੇ ਤੇ ਬੇਲਾਗ ਜੀਵਨ ਦਾ ਜਜਬਾ ਕੁੱਟ ਕੁੱਟ ਕੇ ਭਰਿਆ ਹੁੰਦਾ ਸੀ।

ਅੰਮ੍ਰਿਤ ਦੀ ਮਹਿਮਾ ਕੌਮੀ ਦੁਖਾਂਤ ਜਾਂ ਦੇਸ਼ ਦੁਖਾਂਤ ਤੋਂ ਸਦਾ ਨਿਰਲੇਪ ਹੈ। ਸਾਡੀ ਆਪਣੀ ਗਿਰਾਵਟ ਕਾਰਨ ਅੰਮ੍ਰਿਤ ਦੇ ਸਰੂਪ ਦੀ ਵਿਲੱਖਣਤਾ ਤੇ ਦੈਵੀ ਗੁਣਾਂ ਦੀ ਯੋਗਤਾ ਆਪਣੇ ਮੂਲ ਰੂਪ ਵਿਚ ਉਸ ਤਰ੍ਹਾਂ ਕਾਇਮ ਹੈ। ਇਹ ਸੁਖ ਸਾਗਰ ਹੈ, ਜਿਸ ਦੇ ਪਾਵਨ ਜਲ ਵਿਚ ਨਾਮ-ਰੱਤੇ ਗੁਰਮੁਖ ਜਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਹਜ, ਅਨੰਦ, ਖੇਡ ਦੀ ਉੱਚ ਅਵਸਥਾ ਵਿਚ ਲੀਨ ਰਹਿੰਦੇ ਹਨ। ਐਸੇ ਅਮੁੱਲ, ਅਤੁੱਲਾ ਦੁਲਭ ਤੇ ਅਨੂਠੇ ਰਸ ਭਰਪੂਰ ਅੰਮ੍ਰਿਤ ਦੀ ਵਡਿਆਈ ਦਾ ਨਕਸ਼ਾ ਗੁਰਬਾਣੀ ਵਿਚ ਕਈ ਥਾਵਾਂ ਤੇ ਖਿੱਚਿਆ ਗਿਆ ਹੈ -

***ਜਿਨ ਵਡਿਆਈ ਤੇਰੇ ਨਾਮ ਕੀ***
***ਤੇ ਰਤੇ ਮਨ ਮਾਹਿ॥***
***ਨਾਨਕ ਅੰਮ੍ਰਿਤੁ ਏਕੁ ਹੈ***
***ਦੂਜਾ ਅੰਮ੍ਰਿਤੁ ਨਾਹਿ॥***
***ਨਾਨਕ ਅੰਮ੍ਰਿਤੁ ਮਨੈ ਮਾਹਿ***
***ਪਾਈਐ ਗੁਰ ਪਰਸਾਦਿ॥***
***ਤਿਨੀ ਪੀਤਾ ਰੰਗ ਸਿਉ***
***ਜਿਨ੍ ਕਉ ਲਿਖਿਆ ਆਦਿ॥੧॥੪॥ ਅੰਗ - ੧੨੩੮***

# 'ਆਤਮ ਰੰਗ' ਮਾਸਿਕ ਪੱਤਰ ਦਾ 25ਵੇਂ ਸਾਲ ਚ ਪ੍ਰਵੇਸ਼ - ਇਤਿਹਾਸਕ ਕੀਰਤੀਮਾਨ

*[ਭਾਈ ਰਵਿੰਦਰ ਸਿੰਘ ਸੈਂਪਲਾਂ]*

ਸਾਲ 1999 ਦੀ ਵਿਸਾਖੀ ਬਹੁਤ ਵਿਸ਼ੇਸ਼ ਰੂਪ ਵਿੱਚ ਮਨਾਈ ਗਈ ਕਿਉਂਕਿ ਉਸ ਸਾਲ ਖਾਲਸਾ ਸਾਜਨਾ ਦਿਵਸ ਨੇ 300 ਸਾਲ ਪੂਰੇ ਕੀਤੇ ਸਨ। ਉਸ ਦਿਨ ਦਾ ਖਾਸ ਮਹੱਤਵ ਇਸ ਕਰਕੇ ਵੀ ਸੀ ਕਿ ਪੰਥ ਨੂੰ ਨਿਰੋਲ ਧਾਰਮਿਕ ਮਾਸਿਕ ਪੱਤਰ ਦੇ ਰੂਪ ਵਿਚ ਗਿਆਨ ਭਰਪੂਰ ਸਮਗਰੀ ਮਿਲਣ ਦੀ ਅੰਰਭਤਾ ਵੀ ਹੋਈ। ਉਸੇ ਦਿਨ ਮਾਸਿਕ ਪੱਤਰ 'ਆਤਮ ਰੰਗ' ਦਾ ਪਹਿਲਾ ਅੰਕ ਪਹਿਲੇ ਮੁੱਖ ਸੰਪਾਦਕ ਪ੍ਰਿੰਸੀਪਲ ਗੁਰਮੁਖ ਸਿੰਘ ਜੀ ਵੱਲੋਂ ਜਾਰੀ ਕੀਤਾ ਗਿਆ। ਉਹਨਾਂ ਦੀ ਦੂਰਅੰਦੇਸ਼ੀ ਸੋਚ ਅਤੇ ਲਗਨ ਸਦਕਾ 'ਆਤਮ ਰੰਗ' ਨੇ ਥੋੜੇ ਸਮੇਂ ਵਿਚ ਪੰਥਕ ਸਫਾਂ ਵਿਚ ਵਿਸ਼ੇਸ਼ ਸਥਾਨ ਹਾਸਿਲ ਕਰ ਲਿਆ। ਉਹਨਾਂ ਦੇ ਮਗਰੋਂ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ ਹੋਰਾਂ ਨੇ 'ਆਤਮ ਰੰਗ' ਦੇ ਮੁੱਖ ਸੰਪਾਦਕ ਦੇ ਰੂਪ ਵਿਚ ਜਿੰਮੇਵਾਰੀ ਸੰਭਾਲੀ। ਬਹੁਤ ਹੀ ਥੋੜੇ ਸਮੇਂ ਦੇ ਅੰਦਰ ਉਹਨਾਂ ਆਪਣੇ ਜੀਅ ਤੋੜ ਯਤਨਾਂ ਨਾਲ ਅਖੰਡ ਕੀਰਤਨੀ ਜੱਥੇ ਦੇ ਹਰੇਕ ਸਿੰਘ ਤੱਕ ਇਸ ਮਾਸਿਕ ਪੱਤਰ ਦੀ ਪਹੁੰਚ ਕਰਵਾਈ ਭਾਵੇਂ ਉਦੋਂ ਸਾਧਨਾਂ ਦੀ ਕਮੀ ਨੇ ਕਈ ਦਿੱਕਤਾਂ ਵੀ ਪੇਸ਼ ਕੀਤੀਆਂ ਪਰ ਭਾਈ ਸਾਹਿਬ ਸਤਨਾਮ ਸਿੰਘ ਜੀ ਨੇ ਹਰੇਕ ਹੀਲੇ ਵਸੀਲੇ ਵਿਦੇਸ਼ ਵੱਸਦੇ ਸਿੱਖਾਂ ਤੱਕ ਵੀ ਆਤਮ ਰੰਗ ਦਾ ਅੰਕ ਪਹੁੰਚਦਾ ਕੀਤਾ। ਮਾਸਿਕ ਪੱਤਰ ਦੇ ਤੌਰ ਤੇ ਜੋ ਸੇਵਾ 'ਆਤਮ ਰੰਗ' ਕਰ ਰਿਹਾ ਹੈ ਇਸਦਾ ਮੁੱਖ ਕਾਰਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦ੍ਰਿੜ ਇਰਾਦੇ ਤੇ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾ ਦਾ ਨਤੀਜਾ ਹੈ। ਐਸੇ ਕਾਰਜ ਕਰਦੇ ਸਮੇਂ ਪਿਛਲੇ 25 ਸਾਲਾਂ ਦੌਰਾਨ ਬਹੁਤ ਸਾਰੀਆਂ ਮੁਸ਼ਕਿਲਾਂ ਵੀ ਆਈਆਂ ਪਰ ਇਸਦਾ ਛਪਣਾ ਨਿਰੰਤਰ ਜਾਰੀ ਰਿਹਾ।

ਮੂਲ ਰੂਪ ਵਿਚ ਆਤਮ ਰੰਗ ਅਖੰਡ ਕੀਰਤਨੀ ਜੱਥੇ ਦਾ ਨਿਰੋਲ ਪ੍ਰਚਾਰ ਸਾਧਨ ਹੈ ਜਿਸਦੇ ਜਰੀਏ ਸੰਗਤਾਂ ਨੂੰ ਹਰੇਕ ਸਮਾਗਮ ਦੀ ਜਾਣਕਾਰੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਹੋਰਾਂ ਦੀ ਸੋਚ ਅਤੇ ਸੇਵਾ ਕਾਰਜਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿਥੇ ਅੱਜ ਦੀ ਨੌਜੁਆਨੀ ਭਾਈ ਸਾਹਿਬ ਦੇ ਨੇਕ ਵਿਚਾਰਾਂ ਤੋਂ ਜਾਣੂ ਹੁੰਦੀ ਹੈ ਉਥੇ ਹੀ 'ਆਤਮ ਰੰਗ' ਭਾਈ ਸਾਹਿਬ ਦੀਆਂ ਲਿਖਤ ਪੁੱਸਤਕਾਂ ਵਿੱਚੋਂ ਲੇਖ ਦੇ ਕੇ ਉਸ ਨੂੰ ਵਿਸ਼ੇਸ਼ ਰੂਪ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਦਾ ਕਰਦਾ ਹੈ। ਭਾਈ ਸਤਨਾਮ ਸਿੰਘ ਜੀਆਂ ਦੇ 2021 ਵਿੱਚ ਗੁਰਪੁਰਵਾਸੀ ਸਿਧਾਰਨ ਮਗਰੋਂ ਮੁੱਖ ਸੰਪਾਦਕ ਦੀ ਜਿੰਮੇਵਾਰੀ ਉਹਨਾਂ ਦੇ ਸਪੁੱਤਰ ਭਾਈ ਮਨਪ੍ਰੀਤ ਸਿੰਘ ਜੀ ਬਾਖੂਬੀ ਅਤੇ ਨਿਰੰਤਰ ਨਿਭਾਅ ਰਹੇ ਹਨ, ਜਿਸਦੇ ਫਲਸਵਰੂਪ 25 ਸਾਲਾ ਸ਼ਤਾਬਦੀ ਸਮਾਗਮ ਵੀ ਜੋਰਾਂ ਸ਼ੋਰਾਂ ਨਾਲ ਕਰਵਾਏ ਜਾ ਰਹੇ ਹਨ। ਭਾਈ ਸਾਹਿਬ ਦੀ ਸੋਚ ਤੇ ਜਿਸ ਨਿਸਠਾ ਨਾਲ ਭਾਈ ਸਤਨਾਮ ਸਿੰਘ ਹੋਰਾਂ ਨੇ ਡਟ ਕੇ ਪਹਿਰਾ ਦਿੱਤਾ ਉਹਨਾਂ ਦੀਆਂ ਸਿੱਖਿਆਵਾਂ ਦੇ ਫਲਸਰੂਪ ਭਾਈ ਮਨਪ੍ਰੀਤ ਸਿੰਘ ਜੀ ਵੀ 'ਆਤਮ ਰੰਗ' ਨੂੰ ਛਾਪ ਕੇ ਸੰਗਤਾਂ ਤੱਕ ਪਹੁੰਚਾਉਣ ਦੀ ਸੇਵਾ ਬਾਖੂਬੀ ਨਿਭਾਅ ਰਹੇ ਹਨ। ਅੱਜ 25ਵੇਂ ਸਾਲ ਦੇ ਪ੍ਰਕਾਸ਼ਨ ਉਤੇ ਜਿਥੇ ਇਸ ਨੂੰ ਛਾਪਣ ਲਈ ਅਦਾਰਾ ਆਤਮ ਰੰਗ ਦੀ ਟੀਮ ਵਧਾਈ ਦੀ ਹੱਕਦਾਰ ਹੈ ਉਥੇ ਹਰ ਸਮੇਂ ਤਨੋ-ਮਨੋ ਸੇਵਾ ਕਰਨ ਵਾਲੇ ਪਾਠਕ ਵੀ ਵਧਾਈ ਦੇ ਪਾਤਰ ਹਨ।

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਪਤ ਸੇਵਾ, ਉਨਾ | 10,000.00 |
| ◆ ਡਾ. ਮਾਨ, ਚੰਡੀਗੜ੍ਹ | 5,000.00 |
| ◆ ਜੱਜ ਮੈਡਮ ਵੀ ਗੋਇਲ, ਚੰਡੀਗੜ੍ਹ | 10,000.00 |
| **ਕੁਲ ਜੋੜ** | **45,000.00** |

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure upto 31.03.2024** | **60,600.00** |
| Donation | 45,000.00 |
| Membership | – |
| Cash in hand | 17,157.00 |
| **Total Income** | **62,157.00** |
| **Expenditure** | **60,600.00** |
| **Income** | **62,157.00** |
| **Difference (Cash in hand)** | **1,557.00** |

| | | | |
|---|---|---|---|
| ਸੰਗਰਾਂਦ | 13 ਅਪ੍ਰੈਲ | ਪੂਰਨਮਾਸ਼ੀ | 23 ਅਪ੍ਰੈਲ |
| ਮੱਸਿਆ | 8 ਅਪ੍ਰੈਲ | ਪੰਚਮੀ | 13 ਅਪ੍ਰੈਲ |

| | |
|---|---|
| ਗੁਰਗੱਦੀ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 7 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ | 9 ਅਪ੍ਰੈਲ |
| ਜੋਤੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ | 12 ਅਪ੍ਰੈਲ |
| ਜੋਤੀ ਜੋਤ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ | 13 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 21 ਅਪ੍ਰੈਲ |
| ਜੋਤੀ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 22 ਅਪ੍ਰੈਲ |
| ਪ੍ਰਕਾਸ਼ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 29 ਅਪ੍ਰੈਲ |
| ਪ੍ਰਕਾਸ਼ ਸ਼੍ਰੀ ਗੁਰੂ ਅਰਜਨ ਦੇਵ ਜੀ | 30 ਅਪ੍ਰੈਲ |

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ ਤ਼ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗਜ਼ ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵਰਸੋਏ ਨਿਰੋਲ

# ਅਖੰਡ ਕੀਰਤਨੀ ਜੱਥੇ ਦੇ

## ਸਾਲ 2024 ਦੇ

# ਕੇਂਦਰੀ / ਸਾਲਾਨਾ ਅਤੇ ਖੇਤਰੀ

# ਸਮਾਗਮਾਂ ਦਾ ਵੇਰਵਾ

ਦਾਸਰੇ:- ਪਰਮਿੰਦਰ ਸਿੰਘ (ਅਖੰਡ ਕੀਰਤਨੀ ਜੱਥਾ ਮੋਗਾ) Chicago, USA

ਸੰਪਰਕ ਨੰ: 95307-18001, 94173-09460, +1(224)504-7886 (USA)

ਭਾਈ ਰਮਨਦੀਪ ਸਿੰਘ – Chicago, USA – +1(848)242-7103

Website: ਅਖੰਡ ਕੀਰਤਨੀ ਜੱਥਾ – akj.org

Website: akjmoga.org , heerarattan.in

YouTube: @akjmoga9989

ਨੋਟ - ਸਾਲ 2025 ਦੇ ਮੁੱਖ ਸਮਾਗਮਾਂ ਦੀਆਂ ਤਾਰੀਖਾਂ 1 ਨਵੰਬਰ ਤੋਂ 30 ਨਵੰਬਰ 2024 ਤੱਕ ਦਿੱਤੀਆਂ ਜਾਣ ਜੀ।

ਨੋਟ - ਸਾਲ 2025 ਦੇ ਸਾਲਾਨਾ ਸਮਾਗਮਾਂ ਦੀਆਂ ਤਾਰੀਖਾਂ ਦੇ ਬਰਾਬਰ ਸਮਾਗਮ ਨਾ ਰੱਖੇ ਜਾਣ ਜੀ।

ਇੱਕ ਤਾਰੀਖ ਤੇ ਇੱਕ ਹੀ ਸਮਾਗਮ ਹੋਵੇ।

# International Akhand Kirtan Samagam 2024

## USA Akhand Kirtan Samagam

| | | | |
|---|---|---|---|
| 22/02/2024 – 25/02/2024 | San Jose (Bay Area) | Mohan Singh | +1(209)624-9548 |
| 07/03/2024 – 10/03/2024 | Maryland | Gurdeep Singh | +1(301)785-5105 |
| 23/05/2024 – 26/05/2024 | Chicago | Harinderpal Singh<br>Parminder Singh | +1(847)571-8193<br>+1(224)504-7886 |
| 07/06/2024 – 08/06/2024 | Boston | Inderpreet Singh | +1(414)218-2109 |
| 14/06/2024 – 16/06/2024 | Utah | Amarjit Singh | +1(801)810-4141 |
| 18/07/2024 – 21/07/2024 | Seattle | Malkiat Singh<br>Baljit Singh | +1(253)682-9337<br>+1(206)708-5288 |
| 31/07/2024 – 04/08/2024 | New York | Didar Singh<br>Jagjit Singh | +1(917)518-6165<br>+1(347)307-5589 |
| 31/08/2024 – 02/09/2024 | Stockton | Mohan Singh | +1(209)624-9548 |
| 11/10/2024 – 13/10/2024 | Indiana | Baljit Singh | +1(317)603-2723 |
| 27/11/2024 – 01/12/2024 | Los Angeles | Ravinder Singh<br>Gurmeet Singh | +1(310)990-8089<br>+1(626)214-6348 |

## Canada Akhand Kirtan Samagam

| | | | |
|---|---|---|---|
| 10/05/2024 – 19/05/2024 | Vancouver | Japnam Singh | +1(604)512-0297 |
| 28/06/2024 – 07/07/2024 | Toronto | Deepinder Singh<br>Jasdeep Singh | +1(416)508-0318<br>+1(416)500-0610 |
| 13/08/2024 – 18/08/2024 | Vancouver | Kawaljit Singh | +1(604)518-8100 |
| 09/10/2024 – 14/10/2024 | Edmonton | Ronaq Singh<br>Tejinderpal Singh | +1(306)209-0415<br>+1(780)802-9735 |
| 24/12/2024 – 29/12/2024 | Vancouver | Japnam Singh | +1(604)512-0297 |

## UK Akhand Kirtan Samagam

| | | | |
|---|---|---|---|
| 20/01/2024 – 21/01/2024 | Peterborough | Taranjit Singh | +44-7877-888-874 |
| 24/02/2024 – 25/02/2024 | Birmingham | Jaskirat Singh | +44-7722-732-544 |
| 25/03/2024 – 01/04/2024 | Derby (Int) | Amrik Singh | +44-7957-457-390 |
| 13/04/2024 – 14/04/2024 | Southall | Kirpal Singh | +44-7497-559-324 |
| 11/05/2024 – 12/05/2024 | Leicester | Bhagat Singh | +44-7776-452-101 |
| 26/06/2024 – 30/06/2024 | Leeds (Int) | Kulvinder Singh | +44-7576-278-552 |
| 22/07/2024 – 28/07/2024 | Birmingham (Int) | Tajinder Singh | +44-7872-903-957 |
| 12/08/2024 – 18/08/2024 | Southall (Int) | Kirpal Singh | +44-7497-559-324 |
| 21/09/2024 – 22/09/2024 | Slough | Raghbir Singh | +44-7970-243-384 |
| 19/10/2024 – 20/10/2024 | Bradford | Kulvinder Singh | +44-7576-278-552 |
| 16/11/2024 – 17/11/2024 | Ilford | Tarsem Singh | +44-7743-362-797 |
| 16/12/2024 – 22/12/2024 | Coventry (Int) | Taranjit Singh | +44-7877-888-874 |

## Europe Akhand Kirtan Samagam

| | | | |
|---|---|---|---|
| 21/03/2024 – 24/03/2024 | France | Sawinder Singh | +33620988172 |
| 10/04/2024 – 14/04/2024 | Sweden | Sajjan Singh<br>Sukhwinder Kaur | +46762295133<br>+46736219528 |
| 03/05/2024 – 05/05/2024 | Spain | Baljit Singh | +34687247169 |
| 17/05/2024 – 19/05/2024 | Germany | Gurpreet Singh | +4917634335326 |
| 05/08/2024 – 11/08/2024 | Italy | Harsimranjit Singh | +393929993777 |
| 19/08/2024 – 25/08/2024 | France | Jagdev Singh | +33783983641 |
| 27/09/2024 – 29/09/2024 | Denmark | Anmoldeep Singh | +4521868447 |
| 01/11/2024 – 03/11/2024 | Holland | Arjinder Singh<br>Rajpal Singh | +31625444083<br>+31636113610 |

## New Zealand Akhand Kirtan Samagam

| | | | |
|---|---|---|---|
| 25/01/2024 – 29/01/2024 | Auckland | Harpreet Singh | +64223932394 |
| 30/05/2024 – 03/06/2024 | Auckland | Harpreet Singh | +64223932394 |

## Australia Akhand Kirtan Samagam

| | | | |
|---|---|---|---|
| 25/01/2024 – 28/01/2024 | Canberra | Parminder Singh | +61-402-467-332 |
| 27/03/2024 – 01/04/2024 | Melbourne | Jagjit Singh<br>Jaspreet Singh | +61-427-127-888<br>+61-470-273-956 |
| 03/05/2024 – 06/05/2024 | Innisfail Cairns | Paramjit Singh | +61-413-978-585 |
| 06/06/2024 – 10/06/2024 | Adelaide | Gurinder Singh | +61-425-620-751 |
| 03/07/2024 – 07/07/2024 | Brisbane | Jasjot Singh | +61-401-623-844 |
| 28/09/2024 – 03/10/2024 | Sydney | Manjit Singh | +61-423-694-629 |
| 22/12/2024 – 26/12/2024 | Shepparton | Kamaldeep Singh | +61-423-654-033 |

[illegible] 94176-88881

# ਕੇਂਦਰੀ / ਸਾਲਾਨਾ ਅਖੰਡ ਕੀਰਤਨ ਸਮਾਗਮ

| | | | |
|---|---|---|---|
| 03/01/2024 – 07/01/2024 | ਲੁਧਿਆਣਾ | ਕੇਂਦਰੀ ਸਮਾਗਮ ਅਵਤਾਰ ਪੁਰਬ<br>ਗੁਰੂ ਗੋਬਿੰਦ ਸਿੰਘ ਜੀ,<br>ਗੁ: ਸਿੰਘ ਸਭਾ ਮਾਡਲ ਟਾਊਨ | 98559-98893<br>93571-36811 |
| 22/01/2024 – 26/01/2024 | ਇੰਦੌਰ (MP) | ਸਾਲਾਨਾ ਸਮਾਗਮ ਗੁ: ਇਮਲੀ ਸਾਹਿਬ | 98266-51313<br>89621-13000 |
| 27/01/2024 – 28/01/2024 | ਮਾਨਸਾ | ਸਾਲਾਨਾ ਸਮਾਗਮ (ਖੇਤਰੀ) ਗੁ: ਸਿੰਘ ਸਭਾ | 94643-55517 |
| 08/02/2024 – 11/02/2024 | ਪਟਿਆਲਾ | ਕੇਂਦਰੀ ਸਮਾਗਮ ਬਸੰਤ ਪੰਚਮੀ,<br>ਗੁ: ਸਿੰਘ ਸਭਾ ਫੁਆਰਾ ਚੌਕ | 99142-58877<br>85320-00054<br>94174-92103 |
| 21/02/2024 – 25/02/2024 | ਬੰਬਈ | ਸਾਲਾਨਾ ਸਮਾਗਮ ਗੁ: ਸ੍ਰੀ ਦਸਮੇਸ਼ ਦਰਬਾਰ | 98929-86945<br>98197-72086 |
| 28/02/2024 – 03/03/2024 | ਬਠਿੰਡਾ | ਸਾਲਾਨਾ ਸਮਾਗਮ ਗੁ: ਸਿੰਘ ਸਭਾ | 94632-14774<br>98150-17227 |
| 08/03/2024 – 10/03/2024 | ਪਾਊਂਟਾ ਸਾਹਿਬ | ਸਾਲਾਨਾ ਸਮਾਗਮ | 94180-73660, 78149-26001<br>98990-06748, 99149-00599<br>98728-83307 |
| 23/03/2024 – 26/03/2024 | ਅਨੰਦਪੁਰ ਸਾਹਿਬ | ਕੇਂਦਰੀ ਸਮਾਗਮ ਹੋਲਾ ਮੁਹੱਲਾ<br>ਗੁ: ਕਲਗੀਧਰ ਕੀਰਤਨ ਦਰਬਾਰ ਲੋਹਗੜ੍ਹ ਰੋਡ | 98153-01010<br>96461-17772<br>98143-00245 |
| 26/03/2024 – 31/03/2024 | ਮੋਗਾ | ਕੇਂਦਰੀ ਸਮਾਗਮ (ਸ਼ਹੀਦੀ ਗੁਰੂ ਤੇਗ ਬਹਾਦਰ ਸਾਹਿਬ ਜੀ)<br>ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ | 95307-18001<br>94173-09460<br>94171-76032<br>99886-62529 |
| 04/04/2024 – 07/04/2024 | ਬਾਬਾ ਬਕਾਲਾ | ਸਾਲਾਨਾ ਸਮਾਗਮ (ਖੇਤਰੀ)<br>ਗੁ: ਭੋਰਾ ਸਾਹਿਬ | 89682-97779<br>93162-22531 |
| 10/04/2024 – 14/04/2024 | ਅੰਮ੍ਰਿਤਸਰ | ਕੇਂਦਰੀ ਸਮਾਗਮ ( ਵਿਸਾਖੀ ) | 98152-70871<br>98559-47251 |
| 24/04/2024 – 28/04/2024 | ਕਪੂਰਥਲਾ | ਸਾਲਾਨਾ ਸਮਾਗਮ (ਖੇਤਰੀ)<br>ਸਟੇਟ ਗੁਰਦਵਾਰਾ | 99881-97479<br>98550-79557<br>99887-16000 |
| 04/05/2024 – 05/05/2024 | ਤਰਨਤਾਰਨ | ਸਾਲਾਨਾ ਸਮਾਗਮ (ਖੇਤਰੀ) ਦਰਬਾਰ ਸਾਹਿਬ ਕਥਾ<br>ਅਸਥਾਨ | 98760-79024<br>97796-30977 |
| 04/05/2024 – 05/05/2024 | ਮਾਛੀਵਾੜਾ | ਸਾਲਾਨਾ ਸਮਾਗਮ (ਖੇਤਰੀ)<br>ਗੁ: ਚਰਨ ਕੰਵਲ | 99883-81739<br>98726-33388 |
| 09/05/2024 – 12/05/2024 | ਮੁਕਤਸਰ | ਸਾਲਾਨਾ ਸਮਾਗਮ (ਖੇਤਰੀ)<br>ਗੁ: ਤੰਬੂ ਸਾਹਿਬ ਦਰਬਾਰ ਸਾਹਿਬ | 98720-47222<br>94636-47265 |
| __/05/2024 – __/05/2024 | ਦਿੱਲੀ | ਸਾਲਾਨਾ ਸਮਾਗਮ ਗੁ: ਸਿੰਘ ਸਭਾ, J- ਬਲਾਕ<br>ਗੁ: ਰਾਜੌਰੀ ਗਾਰਡਨ (ਕਿਰਪਾ ਕਰਕੇ ਸੰਪਰਕ ਕਰ ਲਵੋ ਜੀ) | 98990-06748<br>98103-63924 |
| 30/05/2024 – 02/06/2024 | ਕਾਹਨੂੰਵਾਲ ਛੰਬ | ਸਾਲਾਨਾ ਸਮਾਗਮ (ਖੇਤਰੀ)<br>ਛੋਟਾ ਘੱਲੂਘਾਰਾ ਗੁਰਦਵਾਰਾ ਸਾਹਿਬ | 94640-70360<br>95010-88486<br>98766-59093 |
| 08/06/2024 – 11/06/2024 | ਹੁਸ਼ਿਆਰਪੁਰ | ਕੇਂਦਰੀ ਸਮਾਗਮ ਸ਼ਹੀਦੀ ਗੁਰੂ ਅਰਜਨ ਦੇਵ ਜੀ<br>ਗੁ: ਸਿੰਘ ਸਭਾ ਰੇਲਵੇ ਰੋਡ | 98151-31079<br>99884-41535 |
| 14/06/2024 – 18/06/2024 | ਕੁਮਾਰ ਹੱਟੀ (HP) | ਸਾਲਾਨਾ ਸਮਾਗਮ ਗੁਰਦਵਾਰਾ ਸਾਹਿਬ | 98143-00245<br>75289-00045 |
| 22/06/2024 – 23/06/2024 | ਗੁਰੂ ਕੀ ਵਡਾਲੀ | ਸਾਲਾਨਾ ਸਮਾਗਮ ਗੁ: ਪਾਤਸ਼ਾਹੀ ਛੇਵੀਂ | 97811-00265<br>70093-48679 |
| 22/06/2024 – 23/06/2024 | ਧਰਮਕੋਟ (ਮੋਗਾ) | ਗੁ: ਬਾਬਾ ਪੂਰਨ ਸਿੰਘ ਜੀ | 98556-34815 |
| 30/06/2024 – 07/07/2024 | ਫਗਵਾੜਾ | ਸਾਲਾਨਾ ਸਮਾਗਮ ਗੁ: ਪਾਤਸ਼ਾਹੀ ਛੇਵੀਂ ਚੌੜਾ ਖੂਹ | 98143-95152<br>99887-16000 |
| 04/07/2024 – 07/07/2024 | ਲੁਧਿਆਣਾ | ਸਾਲਾਨਾ ਸਮਾਗਮ ਜਨਮ ਸ਼ਤਾਬਦੀ<br>ਭਾ: ਸ: ਭਾਈ ਰਣਧੀਰ ਸਿੰਘ ਜੀ<br>ਗੁ: ਭਾਈ ਰਣਧੀਰ ਸਿੰਘ ਜੀ ਟਰੱਸਟ | 98156-11924<br>98151-56014<br>98559-98893<br>93571-36811 |

| | | | |
|---|---|---|---|
| 25/07/2024 – 28/07/2024 | ਸ਼ਿਮਲਾ (HP) | ਸਾਲਾਨਾ ਸਮਾਗਮ ਗੁ: ਸਿੰਘ ਸਭਾ | 98143-00245<br>75289-00045 |
| 01/08/2024 – 04/08/2024 | ਜਗਰਾਉਂ | ਗੁਰਦਵਾਰਾ ਭਜਨਗੜ੍ਹ | 94642-75063, 95921-62069<br>97790-12042 |
| 08/08/2024 – 11/08/2024 | ਅੰਬਾਲਾ ਸਿਟੀ | ਸਾਲਾਨਾ ਸਮਾਗਮ ਗੁ: ਮੰਜੀ ਸਾਹਿਬ | 94666-93516 |
| 13/08/2024 – 15/08/2024 | ਭੋਪਾਲ (MP) | ਸਾਲਾਨਾ ਸਮਾਗਮ ਗੁ: ਗੁਰੂ ਨਾਨਕ ਦਰਬਾਰ<br>BHEL ਕਲੋਨੀ | 98993-89514<br>98720-93038 |
| 15/08/2024 – 18/08/2024 | ਅੰਬਾਲਾ ਕੈਂਟ | ਕੇਂਦਰੀ ਸਮਾਗਮ ਗੁ: ਗੋਬਿੰਦ ਨਗਰ | 94160-94103<br>93068-21003 |
| 23/08/2024 – 25/08/2024 | ਚੰਡੀਗੜ੍ਹ | ਕੇਂਦਰੀ ਸਾਲਾਨਾ ਸਮਾਗਮ ਪਹਿਲਾ ਪ੍ਰਕਾਸ਼ ਉਤਸਵ<br>ਗੁਰੂ ਗਰੰਥ ਸਾਹਿਬ ਜੀ। ਗੁ: ਅਸਥਾਪਨ ਕਮੇਟੀ<br>ਗੁ: ਸਾਹਿਬ ਸੈਕਟਰ 22-D ਚੰਡੀਗੜ੍ਹ | 98143-00245<br>75289-00045<br>87089-58920 |
| 23/08/2024 – 25/08/2024 | ਸਿਰਸਾ | ਸਾਲਾਨਾ ਸਮਾਗਮ (ਖੇਤਰੀ) ਗੁ: ਪਾਤਸ਼ਾਹੀ ਦਸਵੀਂ | 94632-14774,99887-16000<br>99713-24725 |
| 29/08/2024 – 01/09/2024 | ਚੰਡੀਗੜ੍ਹ | ਸਾਲਾਨਾ ਸਮਾਗਮ ਗੁ: ਸੈਕਟਰ 34-D ਚੰਡੀਗੜ੍ਹ | 99883-81739<br>98726-33388 |
| 07/09/2024 – 11/09/2024 | ਬਟਾਲਾ | ਸਾਲਾਨਾ ਸਮਾਗਮ ਗੁਰੂ ਨਾਨਕ ਵਿਆਹ ਪੁਰਬ<br>ਗੁ: ਅਰਬਨ ਅਸਟੇਟ ਕਾਦੀਆਂ ਰੋਡ | 94640-70360<br>95010-88486<br>95925-20085 |
| 14/09/2024 – 15/09/2024 | ਚਿਚਰਾੜੀ (ਹਾਂਸ ਕਲਾਂ) | ਸਾਲਾਨਾ ਸਮਾਗਮ (ਖੇਤਰੀ) ਗੁ: ਸਾਹਿਬ ਨੇੜੇ ਜਗਰਾਉਂ | 98556-65580 |
| 20/09/2024 – 22/09/2024 | ਪੰਜੋਖਰਾ ਸਾਹਿਬ | ਸਾਲਾਨਾ ਸਮਾਗਮ (ਖੇਤਰੀ) ਗੁ: ਸਾਹਿਬ ਨੇੜੇ ਅੰਬਾਲਾ | 94666-93516 |
| 27/09/2024 – 29/09/2024 | ਗੋਨਿਆਣਾ ਮੰਡੀ | ਸਾਲਾਨਾ ਸਮਾਗਮ ਗੁ: ਸੰਤ ਸੁਹੇਲ ਸਿੰਘ | 98770-95796<br>94174-48593<br>94637-17783 |
| 28/09/2024 – 29/09/2024 | ਗੋਇੰਦਵਾਲ ਸਾਹਿਬ | ਸਾਲਾਨਾ ਸਮਾਗਮ ਗੁ: ਚੁਬਾਰਾ ਸਾਹਿਬ | 98760-79024<br>95920-91591 |
| 04/10/2024 – 06/10/2024 | ਖੰਨਾ ਮੰਡੀ | ਸਾਲਾਨਾ ਸਮਾਗਮ | 98152-00024 |
| 08/10/2024 – 13/10/2024 | ਦਿੱਲੀ | ਕੇਂਦਰੀ ਸਾਲਾਨਾ ਸਮਾਗਮ (ਦੁਸਹਿਰਾ) ਗੁ: ਰਕਾਬ ਗੰਜ | 98990-06748<br>98103-63924 |
| 19/10/2024 – 20/10/2024 | ਅੰਮ੍ਰਿਤਸਰ | ਗੁਰਪੁਰਬ ਗੁਰੂ ਰਾਮਦਾਸ ਜੀ ਅਕਾਲ ਤਖ਼ਤ ਸਾਹਿਬ | 98152-70871<br>98559-47251 |
| 24/10/2024 – 27/10/2024 | ਦਿਆਲਪੁਰ | ਸਾਲਾਨਾ ਸਮਾਗਮ ਗੁਰਦਵਾਰਾ ਸਾਹਿਬ | 99888-02622<br>98150-81102<br>98143-12950 |
| 03/11/2024 – 10/11/2024 | ਨਵਾਂ ਸ਼ਹਿਰ | ਸਾਲਾਨਾ ਸਮਾਗਮ | 94630-64005<br>99887-16000 |
| 13/11/2024 – 16/11/2024 | ਜਲੰਧਰ | ਕੇਂਦਰੀ ਸਾਲਾਨਾ ਸਮਾਗਮ ਗੁਰਪੁਰਬ ਗੁਰੂ ਨਾਨਕ ਦੇਵ<br>ਜੀ ਲਾਇਲਪੁਰ ਖਾਲਸਾ ਸਕੂਲ | 99150-00453<br>98722-11737<br>98554-99511 |
| 23/11/2024 – 24/11/2024 | ਸੁਲਤਾਨਪੁਰ ਲੋਧੀ | ਇਤਿਹਾਸਿਕ ਗੁਰਦਵਾਰਿਆਂ ਵਿਚ ਸਮਾਗਮ | 98728-83307<br>95922-00929 |
| 28/11/2024 – 01/12/2024 | ਦੋਰਾਹਾ | ਸਾਲਾਨਾ ਸਮਾਗਮ | 98140-97699<br>98557-17221 |
| 04/12/2024 – 06/12/2024 | ਪੂਨਾ | ਸਾਲਾਨਾ ਸਮਾਗਮ | 91453-41034 |
| 04/12/2024 – 08/12/2024 | ਪਟਨਾ ਸਾਹਿਬ | ਸਾਲਾਨਾ ਸਮਾਗਮ | 73526-68959<br>99731-68690<br>79869-79969 |
| 07/12/2024 – 08/12/2024 | ਬੰਗਾ | ਸਾਲਾਨਾ ਸਮਾਗਮ ਗੁ: ਚਰਨ ਕੰਵਲ ਸਾਹਿਬ | 98728-92544<br>99887-16000 |
| 12/12/2024 – 15/12/2024 | ਮੋਗਾ | ਸਾਲਾਨਾ ਸਮਾਗਮ ਗੁ: ਕਲਗੀਧਰ ਦੱਤ ਰੋਡ | 99886-00418 |
| 20/12/2024 – 23/12/2024 | ਚਮਕੌਰ ਸਾਹਿਬ | ਸਾਲਾਨਾ ਸਮਾਗਮ | 99883-81739<br>98726-33388 |
| 25/12/2024 – 27/12/2024 | ਫਤਹਿਗੜ੍ਹ ਸਾਹਿਬ | ਸਾਲਾਨਾ ਸਮਾਗਮ ਗੁ: ਜੋਤੀ ਸਰੂਪ | 98150-40236 |


ਅਖੰਡ
ਕੀਰਤਨੀ ਜੱਥਾ
ਬਾਬਾ ਬਕਾਲਾ ਸਾਹਿਬ
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥
ਗੁਰਤਾ ਗੱਦੀ ਦਿਵਸ ਨੂੰ ਸਮਰਪਿਤ
ਗੁਰਦੁਆਰਾ ਭੌਰਾ ਸਾਹਿਬ
ਬਾਬਾ ਬਕਾਲਾ ਸਾਹਿਬ
ਸਲਾਨਾ ਦਿਵਸ ਸੁਹੇਲਾ, ਰੈਣ ਸਬਾਈ ਕੀਰਤਨ
ਅਤੇ ਅੰਮ੍ਰਿਤ ਸੰਚਾਰ
4 ਅਪ੍ਰੈਲ ਵੀਰਵਾਰ ਅੰਮ੍ਰਿਤ ਵੇਲੇ ਅਰੰਭਤਾ ਸ੍ਰੀ ਅਖੰਡ ਪਾਠ ਸਾਹਿਬ
6 ਅਪ੍ਰੈਲ ਸ਼ਨੀਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ ਉਪਰੰਤ
6 ਅਪ੍ਰੈਲ ਸਵੇਰੇ ਦਿਵਸ ਸੁਹੇਲਾ ਕੀਰਤਨ ਗੁਰਦੁਆਰਾ ਭੌਰਾ ਸਾਹਿਬ ਦਰਬਾਰ ਸਾਹਿਬ ਅੰਦਰ
6 ਅਪ੍ਰੈਲ ਨੂੰ ਰੈਣ ਸਬਾਈ ਕੀਰਤਨ ਦੀਵਾਨ ਹਾਲ ਵਿਖੇ ਸ਼ਾਮ 7 ਵਜੇ ਅਰੰਭ ਹੋਣਗੇ ਜੀ
ਜਿਸ ਦੀ ਸਮਾਤੀ 7 ਅਪ੍ਰੈਲ ਐਤਵਾਰ ਸਵੇਰੇ 4 ਵਜੇ ਹੋਵੇਗੀ ਜੀ।
ਪਰਿਵਾਰ ਅਤੇ ਸੰਗੀ ਸਾਥੀਆਂ ਸਹਿਤ ਆਏ ਦੀਦਾਰ ਬਖਸ਼ੋ ਜੀ।
ਦਾਸਰੇ: ਅਖੰਡ ਕੀਰਤਨੀ ਜੱਥਾ ਬਾਬਾ ਬਕਾਲਾ ਸਾਹਿਬ
ਸੰਪਰਕ : 89682-97779, 97798-60435
93162-22531, 98143-00245, 95047-80002
AKJ.ORG
LIVE


AKHAND KIRTANI JATHA
ਅਖੰਡ ਕੀਰਤਨੀ ਜਥਾ
ਖਾਲਸਾ ਸਾਜਨਾ ਦਿਵਸ ਅਤੇ ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਸੰਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ
ਵੈਸਾਖੀ ਅਖੰਡ ਕੀਰਤਨ ਸਮਾਗਮ ੨੦੨੪
ਦਿਵਸ ਸੁਹੇਲਾ
ਸੋਦਰ ਦੀਵਾਨ
੦੯ ਅਪ੍ਰੈਲ
ਸ਼ਾਮ ੦੫:੧੫ ਵਜੇ ਤੋਂ ੦੯:੪੦ ਵਜੇ ਤੱਕ ਗੁ. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ
੧੦ ਅਪ੍ਰੈਲ
ਸਵੇਰੇ ੦੭:੦੦ ਵਜੇ ਤੋਂ ੦੧:੦੦ ਵਜੇ ਤਕ ਗੁ. ਅੰਗੀਠਾ ਸਾਹਿਬ ਜੀ ਵਿਖੇ
ਸ਼ਾਮ ੦੫:੦੦ ਵਜੇ ਤੋਂ ੦੯:੦੦ ਵਜੇ ਤੱਕ ਗੁ. ਪਿਪਲੀ ਸਾਹਿਬ ਜੀ ਵਿਖੇ
੧੧ ਅਪ੍ਰੈਲ
ਸਵੇਰੇ ੦੭:੦੦ ਵਜੇ ਤੋਂ ੦੧:੩੦ ਵਜੇ ਤੱਕ ਗੁ. ਗੁਰੂ ਕੇ ਮਹਿਲ ਜੀ ਵਿਖੇ
ਸ਼ਾਮ ੦੫:੦੦ ਵਜੇ ਤੋਂ ੦੯:੩੦ ਵਜੇ ਤੱਕ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ
੧੨ ਅਪ੍ਰੈਲ
ਸਵੇਰੇ ੦੬:੦੦ ਵਜੇ ਤੋਂ ੦੧:੦੦ ਵਜੇ ਤੱਕ ਰੰਗਲੇ ਸੱਜਣ ਟ੍ਰਸੱਟ ਵਿਖੇ
ਸ਼ਾਮ ੦੫:੦੦ ਵਜੇ ਤੋਂ ੧੦:੦੦ ਵਜੇ ਤੱਕ ਗੁ. ਰਾਮਸਰ ਸਾਹਿਬ ਜੀ ਵਿਖੇ
੧੩ ਅਪ੍ਰੈਲ
ਸਵੇਰੇ ੦੬:੦੦ ਵਜੇ ਤੋਂ ੦੩:੦੦ ਵਜੇ ਤੱਕ ਗੁ. ਬਿਬੇਕਸਰ ਸਾਹਿਬ ਜੀ ਵਿਖੇ
ਰੈਣ ਸਬਾਈ ਕੀਰਤਨ ੧੩ ਅਪ੍ਰੈਲ ਸ਼ਾਮ ੭:੦੦ ਵਜੇ ਤੋਂ ੧੪ ਅਪ੍ਰੈਲ ਸਵੇਰੇ ੪:੦੦ ਵਜੇ ਤੱਕ ਗੁ. ਮੰਜੀ ਸਾਹਿਬ, ਦੀਵਾਨ ਹਾਲ
ਅੰਮ੍ਰਿਤ ਸੰਚਾਰ : ੧੩ ਅਪ੍ਰੈਲ ਸ਼ਾਮ ੬:੦੦ ਵਜੇ ਬਾਬਾ ਸੇਵਾ ਸਿੰਘ ਜੀ ਹਾਲ
ਅੰਮ੍ਰਿਤਵੇਲਾ : ਰੋਜਾਨਾ ੧੨:੦੦ ਵਜੇ ਤੋਂ ਬਾਬਾ ਸੇਵਾ ਸਿੰਘ ਜੀ ਹਾਲ
ਵਧੇਰੇ ਜਾਣਕਾਰੀ ਲਈ 98152 70871, 98880 20806, 80540 14114, 62802 10005, 78149 26001
youtube.com/akjdotorg
www.facebook.com/akhandkeertaneejathaa
ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ
AKJ.ORG LIVE

## ਗੁ: ਸਿੰਘ ਸਭਾ ਪਿੰਡ ਕਾਹਮਾ (ਨਵਾਂਸ਼ਹਿਰ) ਵਿੱਖੇ

# ਸ਼ੁਕਰਾਨਾ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ

ਭਾਈ ਜਸਵਿੰਦਰ ਸਿੰਘ ਕਾਹਮਾ ਜੀ ਦੇ ਸ਼ੂਗਰ ਮਿੱਲ ਨਵਾਂਸ਼ਹਿਰ ਤੋਂ 34 ਸਾਲ ਸਰਵਿਸ
ਕਰਨ ਉਪਰੰਤ ਰਿਟਾਇਰਮੈਂਟ ਹੋਣ ਦੀ ਖੁਸ਼ੀ ਵਿੱਚ
ਸਤਿਗੁਰਾਂ ਦਾ ਸ਼ੁਕਰਾਨਾ ਕਰਨ ਲਈ ਸਮਾਗਮ ਕਰਵਾਏ ਜਾ ਰਹੇ ਹਨ । ਸੰਗਤਾਂ ਨੂੰ
ਬੇਨਤੀ ਹੈ ਜੀ ਇਸ ਸਮਾਗਮ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ ਜੀ



**ਮਿਤੀ : 1 ਮਈ 2024**
**ਦਿਨ ਬੁੱਧਵਾਰ ਨੂੰ**

AKHAND KIRTANI JATHA

**ਸਮਾ: ਸਵੇਰੇ ਅੰਮ੍ਰਿਤ ਵੇਲੇ ਤੋਂ**
**ਦੁਪਹਿਰ 1 ਵਜੇ ਤੱਕ**

## ਸਮਾਗਮ ਦੀ ਸਮਾਪਤੀ ਤੇ ਗੱਤਕਾ ਦੇ ਜੌਹਰ ਦਿਖਾਏ ਜਾਣਗੇ

## ਸਮਾਗਮ ਦਾ ਲਾਈਵ ਪ੍ਰਸਾਰਣ

AKJ ਨਿਰਬਾਣ ਕੀਰਤਨੀ ਜਥਾ ਅਤੇ Akj Punjab ਦੇ
ਮਾਧਿਅਮ ਰਾਹੀ ਕੀਤਾ ਜਾਵੇਗਾ

## ਵੱਲੋਂ:- ਅਖੰਡ ਕੀਰਤਨੀ ਜੱਥਾ ਨਵਾਂਸ਼ਹਿਰ,ਬੰਗਾ,ਫਗਵਾੜਾ

**ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ**

ਨੋਟ:- ਪਿੰਡ ਕਾਹਮਾ ਨਵਾਂਸ਼ਹਿਰ ਤੋਂ 8 ਕਿਲੋਮੀਟਰ, ਬੰਗਾ ਤੋਂ 5 ਕਿਲੋਮੀਟਰ ਹੈ ਜੀ

ਸਪੰਰਕ ਨੰ :- 9463064005,9872383308,8872487270

Registered with the Registrar
of News Papers of India
Regd. No. R-70727/99

# ATAM RANG
## April 2024

Postal Regd. No.
CHDG/0025/2024-26

## 1978 ਵੈਸਾਖੀ ਦੇ ਸ਼ਹੀਦ



ਭਾਈ ਫੌਜਾ ਸਿੰਘ ਜੀ

13 ਅਪ੍ਰੈਲ 1978 ਦੇ ਅੰਮ੍ਰਿਤਸਰ ਸਾਕੇ ਦੇ ਪ੍ਰਤੀਕਰਮ ਵਲੋਂ ਆਰੰਭ ਹੋਏ ਸਿੱਖ ਸੰਘਰਸ਼ ਦੌਰਾਨ ਕੌਮ ਦੇ ਸਵੈ-ਮਾਣ ਦੀ ਬਹਾਲੀ ਲਈ ਜਿਨ੍ਹਾਂ ਯੋਧਿਆਂ ਨੇ ਆਪਣਾ ਲਹੂ ਡੋਲ੍ਹਿਆ, ਉਹ ਕਲ੍ਹ ਵੀ ਸਾਡਾ ਮਾਣ ਸਨ, ਅੱਜ ਵੀ ਹਨ ਅਤੇ ਸਦਾ ਰਹਿਣਗੇ।




Design & Print: Jai Offset Printers 0172-4616905